10_ Chapter_4

# ਸੰਦੂਕ : ਸਮੱਗਰੀ ਦਾ ਵਰਗੀਕਰਨ ਤੇ ਵਿਸ਼ਲੇਸ਼ਣ

ਮਨੁੱਖ ਦੁਆਰਾ ਆਪਣੀਆਂ ਲੋੜੀਂਦੀਆਂ ਵਸਤਾਂ ਨੂੰ ਸੰਭਾਲਣ ਦੀ ਲੋੜ ਵਿਚੋਂ ਸੰਦੂਕ ਹੋਂਦ ਗ੍ਰਹਿਣ ਕਰਦਾ ਹੈ। ਜੇਕਰ ਇਸ ਪੱਖ ਤੋਂ ਵੇਖਿਆ ਜਾਵੇ ਤਾਂ ਸੰਦੂਕ ਕੇਵਲ ਇਕ ਉਪਯੋਗਾਤਮਕ ਵਸਤ ਹੈ ਪਰ ਖੇਤਰੀ ਕਾਰਜ ਦੌਰਾਨ ਵੱਡੀ ਗਿਣਤੀ ਵਿਚ ਅਜਿਹੇ ਸੰਦੂਕ ਪ੍ਰਾਪਤ ਹੋਏ ਹਨ ਜਿੰਨ੍ਹਾਂ ਦੀ ਬਾਹਰੀ ਦਿੱਖ ਦਾ ਸਜਾਵਟੀ ਪੱਖ ਵਿਸ਼ੇਸ਼ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਸੰਦੂਕ ਨਾਲ ਸੰਬੰਧਿਤ ਕਾਰੀਗਰ ਆਪਣੇ ਅਨੁਭਵ ਅਤੇ ਹੁਨਰ ਦੀ ਵਰਤੋਂ ਕਰ ਅਨੇਕ ਸਜਾਵਟੀ ਜੁਗਤਾਂ ਨਾਲ ਸੰਦੂਕ ਨੂੰ ਕਲਾਤਮਕ ਦਿੱਖ ਪ੍ਰਦਾਨ ਕਰਦਾ ਹੈ। ਸੋ ਸੰਦੂਕ ਦੀ ਸਿਰਜਣਾ ਤਾਂ ਭਾਵੇਂ ਵਿਭਿੰਨ ਵਸਤਾਂ ਨੂੰ ਸੰਭਾਲਣ ਲਈ ਹੋਈ ਪਰ ਮਨੁੱਖ ਦੀ ਬੌਧਿਕ ਸਮਰੱਥਾ ਅਤੇ ਕਲਾਤਮਕ ਸ਼ਕਤੀ ਨੇ ਇਸਦੀ ਪਛਾਣ ਇਕ ਕਲਾ ਕ੍ਰਿਤ ਵਜੋਂ ਕਰਵਾਈ। ਸਮੇਂ ਦੇ ਵਿਕਾਸ ਨਾਲ ਸੰਦੂਕ ਬਣਾਉਣ ਲਈ ਵਰਤੀ ਜਾਂਦੀ ਸਮੱਗਰੀ, ਬਣਤਰ ਅਤੇ ਸਜਾਵਟੀ ਪੱਖਾਂ ਵਿਚ ਤਬਦੀਲੀ ਆਉਂਦੀ ਰਹੀ। ਪਹਿਲਾਂ ਸੰਦੂਕ ਸਧਾਰਨ ਬਣਤਰ ਵਾਲੇ ਹੁੰਦੇ ਸਨ ਪਰ ਜਿਵੇਂ-ਜਿਵੇਂ ਮਨੁੱਖੀ ਸੋਚ ਵਧੇਰੇ ਸੁਹਜ ਭਰਪੂਰ ਹੁੰਦੀ ਗਈ, ਕਾਰੀਗਰ ਦੁਆਰਾ ਵਿਭਿੰਨ ਤਕਨੀਕਾਂ ਦੀ ਵਰਤੋਂ ਕਰ ਇਸਨੂੰ ਕਲਾਤਮਕ ਦਿੱਖ ਪ੍ਰਦਾਨ ਕੀਤੀ ਗਈ। ਕਾਰੀਗਰ ਦੁਆਰਾ ਸੰਦੂਕ ਉਪਰ ਕੀਤੀ ਸ਼ੀਸ਼ਿਆਂ, ਕੋਕਿਆਂ ਤੇ ਪਿੱਤਲ ਦੀਆਂ ਪੱਤਰੀਆਂ ਦੀ ਜੜ੍ਹਤਕਾਰੀ ਇਸਨੂੰ ਕਲਾ ਦਾ ਉਤਕ੍ਰਿਸ਼ਟ ਨਮੂਨਾ ਬਣਾਉਂਦੀ ਹੈ। ਸੰਦੂਕ ਜਿੱਥੇ ਉਪਯੋਗਾਤਮਕ ਤੇ ਕਲਾਤਮਕ ਵਸਤ ਹੈ ਉੱਥੇ ਇਸਦੀ ਵਿਸ਼ੇਸ਼ਤਾ ਇਸ ਨਾਲ ਜੁੜੇ ਸਭਿਆਚਾਰਕ ਮੁੱਲਾਂ ਕਾਰਨ ਵੀ ਹੈ। ਪੰਜਾਬੀ ਸਭਿਆਚਾਰ ਵਿਚ ਸੰਦੂਕ ਕੇਵਲ ਦਾਜ ਵਿਚ ਦਿੱਤੀ ਜਾਣ ਵਾਲੀ ਅਹਿਮ ਵਸਤ ਹੀ ਨਹੀਂ ਬਲਕਿ ਰਿਸ਼ਤਾ-ਨਾਤਾ ਪ੍ਰਣਾਲੀ ਵਿਚ ਵਿਸ਼ੇਸ਼ ਭਾਵਨਾਤਮਕ ਸਾਂਝ ਵਿਚ ਬੱਝੇ ਰਿਸ਼ਤਿਆਂ ਦੇ ਆਪਸੀ ਮੋਹ ਨੂੰ ਪੇਸ਼ ਕਰਨ ਦੀ

ਸੰਚਾਰ ਜੁਗਤ ਵੀ ਸੀ। ਸੋ ਸੰਦੂਕ ਇਕ ਅਜਿਹੀ ਵਸਤ ਹੈ ਜੋ ਵਿਭਿੰਨ ਪ੍ਰਕਾਰ ਦੇ ਸਭਿਆਚਾਰਕ ਮੁੱਲਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਸੰਦੂਕ ਬਣਾਉਣ ਲਈ ਵਰਤੀ ਜਾਂਦੀ ਸਮੱਗਰੀ, ਬਣਤਰ ਤੇ ਸਜਾਵਟੀ ਜੁਗਤਾਂ ਅਜਿਹੇ ਪੱਖ ਹਨ ਜਿਸ ਨਾਲ ਸੰਦੂਕ ਦੀਆਂ ਅੱਗੋਂ ਕਈ ਵੰਨਗੀਆਂ ਬਣਦੀਆਂ ਹਨ। ਅੱਗੋਂ ਇਹਨਾਂ ਵੰਨਗੀਆਂ ਦੀ ਵਰਤੋਂ ਦੇ ਇਕ ਤੋਂ ਵਧੇਰੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਅਰਥਾਤ ਮਨੁੱਖੀ ਜੀਵਨ ਵਿਚ ਸੰਦੂਕ ਦਾ ਕਾਰਜ ਬਹੁ-ਮੰਤਵੀ ਹੈ।

ਸੰਦੂਕ ਦੀਆਂ ਵਿਭਿੰਨ ਸ਼ੈਲੀਆਂ/ਵੰਨਗੀਆਂ ਹੋਣ ਕਾਰਨ ਇਹਨਾਂ ਦਾ ਵਰਗੀਕਰਨ ਕਰਨਾ ਕਾਫ਼ੀ ਮੁਸ਼ਕਲ ਕਾਰਜ ਹੈ। ਸੰਦੂਕ ਬਣਾਉਣ ਨਾਲ ਸੰਬੰਧਿਤ ਕਾਰੀਗਰ ਆਪਣੀ ਮੁਹਾਰਤ ਸਿੱਧ ਕਰਨ ਲਈ ਇਸਦੀ ਬਣਤਰ ਤੇ ਸਜਾਵਟ ਵਿਚ ਥੋੜ੍ਹੀ ਬਹੁਤ ਤਬਦੀਲੀ ਕਰ ਦਿੰਦੇ ਹਨ, ਜਿਸ ਨਾਲ ਸੰਦੂਕ ਦੀਆਂ ਅੱਗੋਂ ਕਈ ਕਿਸਮਾਂ ਬਣ ਜਾਂਦੀਆਂ ਹਨ। ਵਰਗੀਕਰਨ ਦਾ ਮਸਲਾ ਉਦੋਂ ਹੋਰ ਵੀ ਪੇਚੀਦਾ ਬਣ ਜਾਂਦਾ ਹੈ ਜਦੋਂ ਸੰਦੂਕ ਦੀ ਇਕ ਵੰਨਗੀ ਇਕ ਤੋਂ ਵਧੇਰੇ ਵਰਗਾਂ ਅਧੀਨ ਆ ਜਾਂਦੀ ਹੈ ਜਿਵੇਂ ਸੰਦੂਕੜੀਆਂ (ਸ਼ਿੰਗਾਰ ਸੰਦੂਕੜੀ, ਗਹਿਣਿਆਂ ਵਾਲੀ ਸੰਦੂਕੜੀ, ਸੰਦਾਂ ਵਾਲੀ ਸੰਦੂਕੜੀ ਆਦਿ) ਵਰਤੋਂ ਦੇ ਆਧਾਰ 'ਤੇ ਬਣਾਏ ਵਰਗ ਵਿਚ ਵੀ ਆਉਂਦੀਆਂ ਹਨ ਅਤੇ ਬਣਤਰ ਦੇ ਆਧਾਰ 'ਤੇ ਬਣਾਏ ਵਰਗ ਵਿਚ ਵੀ ਆ ਸਕਦੀਆਂ ਹਨ। ਇਸ ਅਧਿਆਇ ਵਿਚ ਸੰਦੂਕ ਦਾ ਵਰਗੀਕਰਨ ਖੇਤਰੀ ਕਾਰਜ ਰਾਹੀਂ ਇਕੱਤਰ ਕੀਤੀ ਸਮੱਗਰੀ ਦੇ ਆਧਾਰ 'ਤੇ ਕੀਤਾ ਗਿਆ ਹੈ। ਇਸ ਵਰਗੀਕਰਨ ਨੂੰ ਸਾਰਨੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ :

↓

(ਅਗਲੇ ਪੰਨੇ 'ਤੇ)

| 1. ਸਮੱਗਰੀ ਦੇ ਆਧਾਰ 'ਤੇ | 2. ਬਣਤਰ ਦੇ ਆਧਾਰ 'ਤੇ | 3. ਬਾਹਰੀ ਸਜਾਵਟੀ ਦਿੱਖ ਦੇ ਆਧਾਰ 'ਤੇ | 4. ਵਰਤੋਂ ਦੇ ਆਧਾਰ 'ਤੇ |
|---|---|---|---|
| **1.1. ਲੱਕੜ**<br>1.1.1. ਟਾਹਲੀ ਦਾ ਸੰਦੂਕ<br>1.1.2. ਨਿੰਮ ਦਾ ਸੰਦੂਕ<br>1.1.3. ਕਿੱਕਰ ਦਾ ਸੰਦੂਕ<br>1.1.4. ਸਾਗਵਾਨ ਦਾ ਸੰਦੂਕ ਆਦਿ<br>**1.2.. ਧਾਤ**<br>1.2.1. ਲੋਹੇ ਦਾ ਸੰਦੂਕ<br>1.2.2..ਸਟੀਲ ਦੀ ਸੰਦੂਕੜੀ | **2.1. ਬਕਸਾਨੁਮਾ ਸੰਦੂਕ**<br>2.1.1.ਪਾਵਿਆਂ ਰਹਿਤ ਬਕਸਾਨੁਮਾ ਸੰਦੂਕ<br>2.1.2. ਪਾਵਿਆਂ ਸਮੇਤ ਬਕਸਾਨੁਮਾ ਸੰਦੂਕ<br>**2.2. ਖੜ੍ਹਵੇਂ ਆਕਾਰ ਦੇ ਸੰਦੂਕ**<br>2.2.1. ਇਕ ਦਰਵਾਜ਼ੇ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ<br>2.2.2. ਦੋ ਦਰਵਾਜ਼ਿਆਂ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ<br>2.2.3. ਚਾਰ ਦਰਵਾਜ਼ਿਆਂ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ<br>2.2.4. ਗੁਬੰਦ ਆਕਾਰੀ ਸਿਰੇ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ<br>**2.3. ਦਰਾਜਾਂ ਵਾਲੇ ਸੰਦੂਕ**<br>2.3.1. ਖੜ੍ਹਵੇਂ ਆਕਾਰ ਦੇ ਦਰਾਜਾਂ ਵਾਲੇ ਸੰਦੂਕ<br>2.3.2. ਲੇਟਵੇਂ ਆਕਾਰ ਦੇ ਦਰਾਜਾਂ ਵਾਲੇ ਸੰਦੂਕ<br>**2.4. ਪੇਟੀਨੁਮਾ ਸੰਦੂਕ** | **3.1. ਜਿਉਮੈਟਰੀਕਲ ਆਕਾਰ**<br>**3.2. ਪਿੱਤਲ ਦੇ ਕੋਕੇ**<br>**3.3. ਪਿੱਤਲ ਦੀਆਂ ਪੱਤਰੀਆਂ**<br>**3.4. ਸ਼ੀਸ਼ੇ**<br>**3.5. ਨਕਾਸ਼ੀ**<br>**3.6. ਚਿੱਤਰਕਾਰੀ** | **4.1. ਘਰਾਂ ਵਿਚ ਵਰਤੇ ਜਾਂਦੇ ਸੰਦੂਕ**<br>**4.2. ਖਜ਼ਾਨੇ ਵਾਲੇ ਸੰਦੂਕ**<br>**4.3. ਯਾਤਰਾ ਸੰਦੂਕ**<br>**4.4. ਦੁਕਾਨਾਂ ਵਿਚ ਵਰਤੇ ਜਾਂਦੇ ਸੰਦੂਕ**<br>**4.5. ਸੰਦੂਕੜੀਆਂ**<br>4.5.1.ਸ਼ਿੰਗਾਰ ਸੰਦੂਕੜੀ/ ਸ਼ਿੰਗਾਰ ਬਕਸਾ<br>4.5.2. ਗਹਿਣਿਆਂ ਵਾਲੀ ਸੰਦੂਕੜੀ<br>4.5.3. ਸੰਦਾਂ ਵਾਲੀ ਸੰਦੂਕੜੀ<br>4.5.4. ਗੱਲਾ |

| | | | |
|---|---|---|---|
| | 2.5. ਲੱਕੜ ਦੀ ਪੇਟੀ<br>2.6. ਅਲਮਾਰਾ | | |

1. ਸਮੱਗਰੀ ਦੇ ਆਧਾਰ 'ਤੇ :

ਸਮੱਗਰੀ ਦੇ ਆਧਾਰ 'ਤੇ ਸੰਦੂਕਾਂ ਨੂੰ ਲੱਕੜ ਅਤੇ ਧਾਤ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਜਿਸ ਦੀਆਂ ਅੱਗੋਂ ਵਿਭਿੰਨ ਸ਼ੈਲੀਆਂ ਬਣਦੀਆਂ ਹਨ :

## 1.1. ਲੱਕੜ :

ਲੱਕੜ ਆਦਿ ਕਾਲ ਤੋਂ ਹੀ ਮਨੁੱਖੀ ਲੋੜਾਂ ਦੀ ਪੂਰਤੀ ਦਾ ਅਹਿਮ ਸਾਧਨ ਰਹੀ ਹੈ। ਲੱਕੜ ਅਤੇ ਲੱਕੜ ਤੋਂ ਬਣੀਆਂ ਵਸਤਾਂ ਦੀ ਮਨੁੱਖੀ ਜੀਵਨ ਵਿਚ ਵਿਸ਼ੇਸ਼ ਅਹਿਮੀਅਤ ਹੈ। ਪੰਜਾਬ ਵਿਚ ਦਰਿਆਵਾਂ ਦੀ ਹੋਂਦ ਅਤੇ ਮੈਦਾਨੀ ਇਲਾਕਾ ਹੋਣ ਕਾਰਨ ਰੁੱਖ ਬਹੁਤਾਤ ਵਿਚ ਮਿਲਦੇ ਹਨ ਜਿੰਨ੍ਹਾਂ ਨੂੰ ਵਿਭਿੰਨ ਕਾਰਜਾਂ ਲਈ ਵਰਤਿਆ ਜਾਂਦਾ ਹੈ। ਖੇਤੀ ਦੇ ਸੰਦਾਂ ਤੋਂ ਲੈ ਕੇ ਘਰੇਲੂ ਵਰਤੋਂ ਦੀਆਂ ਵਸਤਾਂ ਸਭ ਲੱਕੜ ਤੋਂ ਬਣਾਈਆਂ ਜਾਂਦੀਆਂ ਹਨ। ਲੱਕੜ ਕਲਾ ਨਾਲ ਸੰਬੰਧਿਤ ਕਾਰੀਗਰ ਲੱਕੜ ਤੋਂ ਵਸਤਾਂ ਦਾ ਨਿਰਮਾਣ ਕਰਨ ਵਿਚ ਨਿਪੁੰਨ ਹੁੰਦੇ ਹਨ। ਸੰਦੂਕ ਦੇ ਨਿਰਮਾਣ ਲਈ ਵੀ ਕਾਰਗੀਰ ਦੁਆਰਾ ਮੁੱਖ ਸਮੱਗਰੀ ਦੇ ਰੂਪ ਵਿਚ ਲੱਕੜ ਨੂੰ ਵਰਤਿਆ ਜਾਂਦਾ ਹੈ। ਲੱਕੜ ਅਜਿਹੀ ਸਮੱਗਰੀ ਹੈ ਜੋ ਵਧੇਰੇ ਮਾਤਰਾ ਵਿਚ ਉਪਲੱਬਧ ਹੁੰਦੀ ਹੈ। ਪੰਜਾਬ ਵਿਚ ਪੈਦਾ ਹੋਣ ਵਾਲੇ ਰੁੱਖ ਜਿੰਨ੍ਹਾਂ ਵਿਚ ਕਿੱਕਰ, ਟਾਹਲੀ, ਨਿੰਮ ਆਦਿ ਆਉਂਦੇ ਹਨ, ਇਹਨਾਂ ਰੁੱਖਾਂ ਨੂੰ ਵਿਸ਼ੇਸ਼ ਰੂਪ ਵਿਚ ਸੰਦੂਕ ਬਣਾਉਣ ਲਈ ਵਰਤਿਆ ਜਾਂਦਾ ਹੈ। ਸਾਗਵਾਨ ਦੀ ਲੱਕੜ ਤੋਂ ਸੰਦੂਕ ਬਣਾਉਣ ਦਾ ਕਾਰਜ ਕਾਰੀਗਰ ਦੁਆਰਾ ਗਾਹਕ ਦੀ ਵਿਸ਼ੇਸ਼ ਮੰਗ ਅਨੁਸਾਰ ਹੀ ਕੀਤਾ ਜਾਂਦਾ ਹੈ। ਲੱਕੜ ਕਲਾ ਦੇ ਕਾਰੀਗਰ ਨੂੰ ਇਹ ਲੱਕੜ ਘਰਾਂ ਜਾਂ ਮੰਡੀਆਂ ਵਿਚੋਂ ਪ੍ਰਾਪਤ ਹੁੰਦੀ ਹੈ। ਕਾਰਗੀਰ ਦੁਆਰਾ ਵਿਸ਼ੇਸ਼ ਤਕਨੀਕਾਂ ਨਾਲ ਲੱਕੜ ਨੂੰ ਢਾਲ ਕੇ ਸੰਦੂਕ ਬਣਾਇਆ ਜਾਂਦਾ ਹੈ। ਹਰੇਕ ਕਾਰੀਗਰ ਦਾ ਲੱਕੜ ਤੋਂ ਸੰਦੂਕ ਬਣਾਉਣ ਦਾ ਢੰਗ/ਤਰੀਕਾ ਵੱਖਰਾ ਹੁੰਦਾ ਹੈ। ਇਸ ਪਿੱਛੇ ਕਾਰੀਗਰ ਦੀਆਂ ਵਿਸ਼ੇਸ਼ ਤਕਨੀਕੀ ਜੁਗਤਾਂ ਕਾਰਜਸ਼ੀਲ ਹੁੰਦੀਆਂ ਹਨ ਜੋ ਸੰਦੂਕ ਨੂੰ ਵਿਸ਼ੇਸ਼ ਅਤੇ ਆਕਰਸ਼ਕ ਬਣਾਉਂਦੀਆਂ ਹਨ।

### 1.1.1. ਟਾਹਲੀ ਦਾ ਸੰਦੂਕ :

ਲੱਕੜ ਕਲਾ ਨਾਲ ਸੰਬੰਧਿਤ ਕਾਰੀਗਰ ਦੁਆਰਾ ਸੰਦੂਕ ਬਣਾਉਣ ਲਈ ਟਾਹਲੀ ਦੀ ਲੱਕੜ ਨੂੰ ਵਿਸ਼ੇਸ਼ ਰੂਪ ਵਿਚ ਵਰਤਿਆ ਜਾਂਦਾ ਹੈ। ''ਟਾਹਲੀ ਨੂੰ ਸੰਸਕ੍ਰਿਤ ਭਾਸ਼ਾ ਵਿਚ 'ਤੀਕਸ਼ਣਸਾਰਾ', ਅੰਗਰੇਜ਼ੀ ਵਿਚ 'ਬੰਬੇ ਰੋਜ਼ਵੁੱਡ' ਜਾਂ ਬਲੈਕ ਵੁੱਡ ਅਤੇ ਹਿੰਦੀ ਤੇ ਮਰਾਠੀ ਵਿਚ 'ਸ਼ੀਸ਼ਮ' ਕਿਹਾ ਜਾਂਦਾ ਹੈ।''[1] ਪੰਜਾਬ ਵਿਚ ਇਸਦੀਆਂ ਦੋ ਕਿਸਮਾਂ ਮਿਲਦੀਆਂ ਹਨ – 'ਕਾਲੀ ਟਾਹਲੀ' ਤੇ 'ਬੱਗੀ ਟਾਹਲੀ'। ਕਾਲੀ ਟਾਹਲੀ ਦੇ ਰੁੱਖ ਦਾ ਵਿਚਲਾ ਭਾਗ ਲੰਮੇ ਸਮੇਂ ਬਾਅਦ ਪੱਕ ਕੇ ਕਾਲਾ ਹੋ ਜਾਂਦਾ ਹੈ। ਟਾਹਲੀ ਜਿੰਨ੍ਹੀ ਪੁਰਾਣੀ ਹੋਵੇਗੀ ਉਨ੍ਹੀ ਹੀ ਕਾਲੀ ਹੋਵੇਗੀ। ਟਾਹਲੀ ਦੀ ਕਾਲੀ ਲੱਕੜ ਬਾਰੇ ਆਮ ਗੱਲ ਪ੍ਰਚਲਿਤ ਹੈ ਕਿ 'ਬਾਬਾ ਉਗਾਏ ਤੇ ਪੋਤਾ ਵੱਢੇ' ਭਾਵ ਤੀਜੀ ਪੀੜ੍ਹੀ ਦੇ ਸਮੇਂ ਦੀ ਟਾਹਲੀ ਪੱਕ ਕੇ ਆਪਣੀ ਵਿਚਲੀ ਗੇਲੀ ਨੂੰ ਕਾਲਾ ਕਰਦੀ ਹੈ।[2] ਬੱਗੀ ਟਾਹਲੀ ਦੇ ਆਲੇ-ਦੁਆਲੇ ਦਾ ਭਾਗ ਚਿੱਟੇ ਰੰਗ ਵਿਚ ਹੁੰਦਾ ਹੈ ਜਿਸ ਨੂੰ ਕੀੜੇ-ਮਕੌੜੇ ਲੱਗਣ ਦਾ ਡਰ ਰਹਿੰਦਾ ਹੈ। ਜਿਸ ਕਾਰੀਗਰ ਦੁਆਰਾ ਸੰਦੂਕ ਨਿਰਮਾਣ ਲਈ ਬੱਗੀ ਟਾਹਲੀ ਵਰਤੀ ਜਾਂਦੀ ਹੈ, ਉਹ ਇਸ ਲੱਕੜ ਨੂੰ ਪਾਣੀ ਵਿਚ ਲੰਮੇ ਅਰਸੇ ਲਈ ਰੱਖ ਕੇ ਕਮਾਉਂਦਾ ਹੈ। ਲੱਕੜ ਕਮਾਉਣ ਤੋਂ ਬਾਅਦ ਸੰਦੂਕ ਬਣਾਉਣ ਲਈ ਇਸਨੂੰ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਟਾਹਲੀ 30 ਫੁੱਟ ਤੋਂ 70 ਫੁੱਟ ਤੱਕ ਉੱਚੀ ਹੁੰਦੀ ਹੈ ਜਿਸ ਵਿਚੋਂ ਲੱਕੜ ਵਧੇਰੇ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ।[3] ਟਾਹਲੀ ਦੀ ਲੱਕੜ ਬਾਕੀ ਲੱਕੜਾਂ ਦੇ ਮੁਕਾਬਲੇ ਭਾਰੀ ਹੁੰਦੀ ਹੈ। ਇਸ ਲੱਕੜ ਤੋਂ ਆਕਾਰ ਵਿਚ ਵੱਡੇ ਅਤੇ ਛੋਟੇ ਦੋਹਾਂ ਤਰ੍ਹਾਂ ਦੇ ਸੰਦੂਕ ਬਣਾਏ ਜਾਂਦੇ ਹਨ। ਦੂਸਰਾ ਟਾਹਲੀ ਦੀ ਲੱਕੜ ਦੀ ਖ਼ਾਸੀਅਤ ਇਸ ਵਿਚਲੇ ਲੰਮੇ ਤੇ ਸਖ਼ਤ ਰੇਸ਼ਿਆਂ ਕਾਰਨ ਹੈ। ਇਸ ਲੱਕੜ ਵਿਚ ਜਿੰਨ੍ਹੇ ਵਧੇਰੇ ਰੇਸ਼ੇ ਹੋਣਗੇ ਉਨ੍ਹੀ ਹੀ ਲੱਕੜ ਮਜ਼ਬੂਤ ਹੋਵੇਗੀ। ਕਾਰੀਗਰ ਦੁਆਰਾ ਮਿਲੀ ਜਾਣਕਾਰੀ ਅਨੁਸਾਰ ਟਾਹਲੀ ਦੀ ਲੱਕੜ ਵਿਚ ਇਕ ਰੇਸ਼ਾ ਛੇ ਮਹੀਨਿਆਂ ਵਿਚ ਤਿਆਰ ਹੁੰਦਾ ਹੈ। ਇਕ ਸਰਦੀ ਦੀ ਰੁੱਤ ਦਾ ਰੇਸ਼ਾ ਅਤੇ ਇਕ ਗਰਮੀ ਦੀ ਰੁੱਤ ਦਾ। ਜਿਹੜਾ ਰੇਸ਼ਾ ਗੂਹੜੇ ਰੰਗ ਵਿਚ ਹੁੰਦਾ ਹੈ ਉਹ ਗਰਮੀ ਦੇ ਮੌਸਮ ਦਾ ਹੁੰਦਾ ਹੈ ਅਤੇ ਸਰਦੀ ਦੀ ਰੁੱਤ ਦਾ ਰੇਸ਼ਾ ਫਿੱਕੇ ਰੰਗ ਵਿਚ ਹੁੰਦਾ ਹੈ। ਲੱਕੜ ਦੇ ਮੁੱਢਾਂ ਵਿਚ ਇਹ ਰੇਸ਼ੇ ਗੋਲ

ਚੱਕਰ ਦੇ ਰੂਪ ਵਿਚ ਹੁੰਦੇ ਹਨ।[4] ਟਾਹਲੀ ਦੀ ਅਜਿਹੀ ਖ਼ਾਸੀਅਤ ਕਾਰਨ ਹੀ ਇਸਨੂੰ ਸੰਦੂਕ ਬਣਾਉਣ ਲਈ ਉੱਤਮ ਮੰਨਿਆ ਜਾਂਦਾ ਹੈ। ਇਸਨੂੰ ਪੰਜਾਬ ਦਾ ਸਾਗਵਾਨ ਵੀ ਕਿਹਾ ਜਾਂਦਾ ਹੈ। ਖੇਤਰੀ ਕਾਰਜ ਸਮੇਂ ਸਮੱਗਰੀ ਦੇ ਇਕੱਤਰੀਕਰਨ ਦੌਰਾਨ ਘਰਾਂ ਵਿਚੋਂ ਸੌ ਤੋਂ ਡੇਢ ਸੌ ਸਾਲ ਪੁਰਾਣੇ ਕਾਲੀ ਟਾਹਲੀ ਤੋਂ ਬਣੇ ਸੰਦੂਕ ਵਧੀਆ ਹਾਲਤ ਵਿਚ ਮਿਲਦੇ ਹਨ ਜਿੰਨ੍ਹਾਂ ਨੂੰ ਸੰਭਾਲ ਕੇ ਰੱਖਿਆ ਗਿਆ ਹੈ। ਇਸ ਲੱਕੜ ਵਿਚੋਂ ਨਿੰਮੀ-ਨਿੰਮੀ ਵਾਸ਼ਨਾ ਆਉਂਦੀ ਹੈ ਜਿਸ ਕਾਰਨ ਸਿਉਂਕ ਜਾਂ ਕੀੜ੍ਹੇ-ਮਕੌੜੇ ਇਸਦੇ ਨੇੜੇ ਨਹੀਂ ਆਉਂਦੇ ਜਿਸ ਕਾਰਨ ਟਾਹਲੀ ਤੋਂ ਨਿਰਮਿਤ ਸੰਦੂਕਾਂ ਵਿਚ ਵਸਤਾਂ ਸੁਰੱਖਿਅਤ ਰਹਿੰਦੀਆਂ ਹਨ। ਪੰਜਾਬ ਵਿਚ ਟਾਹਲੀ ਦੇ ਰੁੱਖ ਘਰਾਂ, ਖੂਹਾਂ ਤੇ ਖੇਤਾਂ ਆਦਿ ਥਾਵਾਂ ’ਤੇ ਲਗਾਏ ਜਾਂਦੇ ਹਨ। ਆਮ ਤੌਰ ’ਤੇ ਵਧੇਰੇ ਮਾਤਰਾ ਵਿਚ ਉਗਾਈ ਜਾਣ ਕਾਰਨ ਟਾਹਲੀ ਨੂੰ ਵਸਤ ਨਿਰਮਾਣ ਲਈ ਵਧੇਰੇ ਵਰਤਿਆ ਜਾਂਦਾ ਹੈ। ਟਾਹਲੀ ਤੋਂ ਸੰਦੂਕ ਬਣਾਉਣ ਦਾ ਜ਼ਿਕਰ ਲੋਕ ਕਾਵਿ ਵਿਚ ਵੀ ਮਿਲਦਾ ਹੈ :

ਬੱਲੇ ਬੱਲੇ ਨੀ ਟਾਹਲੀ ਦਾ ਸੰਦੂਕ ਬਣਦਾ
ਸ਼ਾਵਾ ਸ਼ਾਵਾ ਨੀ ਟਾਹਲੀ ਦਾ ਸੰਦੂਕ ਬਣਦਾ
ਮੇਰੀ ਸੱਸ ਮੁਕਲਾਵੇ ਜਾਣਾ, ਟਾਹਲੀ ਦਾ ਸੰਦੂਕ ਬਣਦਾ।

ਲੱਕੜ ਕਲਾ ਦੇ ਕਾਰੀਗਰ ਦੁਆਰਾ ਸੰਦੂਕ ਨਿਰਮਾਣ ਲਈ ਟਾਹਲੀ ਦੀ ਲੱਕੜ ਨੂੰ ਹੀ ਵਧੇਰੇ ਤਰਜ਼ੀਹ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਟਾਹਲੀ ਦੀ ਲੱਕੜ ਨੂੰ ਸੰਦੂਕ ਬਣਾਉਣ ਲਈ ਮੁੱਖ ਸਮੱਗਰੀ ਦੇ ਰੂਪ ਵਿਚ ਵਰਤਿਆ ਜਾਂਦਾ ਹੈ।

### 1.1.2. ਨਿੰਮ ਦਾ ਸੰਦੂਕ :

ਟਾਹਲੀ ਦੀ ਤਰ੍ਹਾਂ ਨਿੰਮ ਦੀ ਲੱਕੜ ਦਾ ਪ੍ਰਯੋਗ ਵੀ ਸੰਦੂਕ ਬਣਾਉਣ ਲਈ ਮੁੱਖ ਸਮੱਗਰੀ ਦੇ ਰੂਪ ਵਿਚ ਕੀਤਾ ਜਾਂਦਾ ਹੈ। ਨਿੰਮ ਨੂੰ ‘ਐਜ਼ਾਡਾਇਰੈਕਟ ਇੰਡੀਕਾ’ ਕਿਹਾ ਜਾਂਦਾ ਹੈ ਜਿਸਦਾ ਮੂਲ ਪੈਦਾਇਸ਼ੀ ਸਥਾਨ ਭਾਰਤ ਹੈ। ਇਸ ਲਈ ਹਿੰਦੀ ਵਿਚ

'ਨੀਮ', ਗੁਜਰਾਤੀ ਵਿਚ 'ਲਿੰਬਾ' ਅਤੇ ਮਰਾਠੀ ਵਿਚ 'ਨਿੰਬੇ' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਰੁੱਖ ਦਾ ਜੜ੍ਹ ਤੋਂ ਲੈ ਕੇ ਬੀਜ਼, ਪੱਤਿਆਂ ਤੱਕ ਹਰੇਕ ਭਾਗ ਕੌੜਾ ਹੁੰਦਾ ਹੈ।[5] ਇਸਦੇ ਭਾਗ ਕੀਟਾਣੂ-ਨਾਸ਼ਕ ਹੁੰਦੇ ਹਨ ਜਿਸ ਕਾਰਨ ਕਈ ਰੋਗਾਂ ਦੇ ਇਲਾਜ ਲਈ ਇਸਦੀ ਵਰਤੋਂ ਦਵਾਈ ਦੇ ਰੂਪ ਵਿਚ ਕੀਤੀ ਜਾਂਦੀ ਹੈ। ਨਿੰਮ ਦਾ ਰੁੱਖ ਹਵਾ ਨੂੰ ਸਾਫ਼ ਕਰਨ ਵਾਲਾ ਮੰਨਿਆ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਸ ਘਰ ਵਿਚ ਨਿੰਮ ਦਾ ਰੁੱਖ ਹੁੰਦਾ ਹੈ, ਉਸ ਘਰ ਵਿਚ ਕੋਈ ਰੋਗ ਨਹੀਂ ਆਉਂਦਾ। ਇਸ ਵਿਸ਼ਵਾਸ ਤਹਿਤ ਲੋਕ ਨਿੰਮ ਦੇ ਰੁੱਖ ਨੂੰ ਘਰਾਂ ਵਿਚ ਲਗਾਉਂਦੇ ਹਨ। ਅੱਜ ਵੀ ਪਿੰਡਾਂ ਵਿਚਲੇ ਘਰਾਂ ਵਿਚ ਨਿੰਮ ਦੇ ਰੁੱਖ ਲੱਗੇ ਹੋਏ ਮਿਲਦੇ ਹਨ। ਘਰਾਂ ਤੋਂ ਇਲਾਵਾ ਪਿੰਡ ਵਿਚ ਕਿਸੇ ਸਾਂਝੀ ਥਾਂ ਜਾਂ ਖੇਤਾਂ ਦੇ ਬੰਨ੍ਹਿਆਂ 'ਤੇ ਨਿੰਮ ਦੇ ਰੁੱਖ ਲਗਾਏ ਜਾਂਦੇ ਹਨ। ਨਿੰਮ ਦੇ ਅਜਿਹੇ ਗੁਣਾਂ ਕਾਰਨ ਇਸਦੀ ਲੱਕੜ ਨੂੰ ਸੰਦੂਕ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਵੇਖਣ ਵਿਚ ਨਿੰਮ ਦਾ ਰੁੱਖ ਕਾਫ਼ੀ ਵੱਡੇ ਆਕਾਰ ਦਾ ਹੁੰਦਾ ਹੈ ਪਰ ਇਸ ਵਿਚੋਂ ਘੱਟ ਲੱਕੜ ਪ੍ਰਾਪਤ ਹੁੰਦੀ ਹੈ ਕਿਉਂਕਿ ਇਸਦੇ ਬਹੁਤੇ ਭਾਗ ਵਰਤੋਂ ਦੇ ਯੋਗ ਨਹੀਂ ਰਹਿੰਦੇ। ਇਸ ਵਿਚੋਂ ਜਿੰਨੀ ਵੀ ਲੱਕੜ ਕਾਰੀਗਰ ਨੂੰ ਪ੍ਰਾਪਤ ਹੁੰਦੀ ਹੈ ਉਸ ਅਨੁਸਾਰ ਸੰਦੂਕ ਬਣਾਇਆ ਜਾਂਦਾ ਹੈ।[6] ਆਮ ਤੌਰ 'ਤੇ ਵਧੇਰੇ ਛੋਟੇ ਸੰਦੂਕ ਇਸ ਲੱਕੜ ਤੋਂ ਹੀ ਨਿਰਮਿਤ ਹੁੰਦੇ ਹਨ। ਕੀਟ-ਨਾਸ਼ਕ ਹੋਣ ਕਾਰਨ ਨਿੰਮ ਦੇ ਸੰਦੂਕ ਵਿਚ ਕੱਪੜਾ ਅਤੇ ਹੋਰ ਵਸਤਾਂ ਟਿੱਡੀ, ਸਿਉਂਕ ਜਾਂ ਹੋਰ ਕੀੜਿਆਂ ਤੋਂ ਸੁਰੱਖਿਅਤ ਰਹਿੰਦੀਆਂ ਹਨ। ਇਸ ਲੱਕੜ ਤੋਂ ਸੰਦੂਕ ਬਣਾਉਂਦੇ ਸਮੇਂ ਕਾਰੀਗਰ ਨੂੰ ਵਧੇਰੇ ਸਰੀਰਕ ਮਿਹਨਤ ਕਰਨੀ ਪੈਂਦੀ ਹੈ ਕਿਉਂਕਿ ਦਰੱਖ਼ਤ ਤੋਂ ਪ੍ਰਾਪਤ ਵਰਤਣ ਯੋਗ ਲੱਕੜ ਛੋਟੇ ਆਕਾਰਾਂ ਵਿਚ ਹੋਣ ਕਾਰਨ ਇਹਨਾਂ ਛੋਟੇ ਆਕਾਰ ਦੇ ਭਾਗਾਂ ਨੂੰ ਆਪਸ ਵਿਚ ਜੋੜਨ ਤੇ ਵਧੇਰੇ ਸਮਾਂ ਤੇ ਸਮਰੱਥਾ ਲੱਗਦੀ ਹੈ। ਸੰਦੂਕੜੀਆਂ ਬਣਾਉਣ ਲਈ ਕਾਰੀਗਰ ਵਧੇਰੇ ਇਸ ਲੱਕੜ ਦੀ ਹੀ ਵਰਤੋਂ ਕਰਦੇ ਹਨ। ਇਹ ਲੱਕੜ ਆਮ ਹੋਣ ਕਾਰਨ ਆਸਾਨੀ ਨਾਲ ਤੇ ਘੱਟ ਰੇਟਾਂ ਤੇ ਪ੍ਰਾਪਤ ਹੋ ਜਾਂਦੀ ਹੈ। ਬਾਕੀ ਰੁੱਖਾਂ ਦੇ ਮੁਕਾਬਲੇ ਨਿੰਮ ਦੀ ਲੱਕੜ ਸਸਤੀ ਹੁੰਦੀ ਹੈ।

### 1.1.3. ਕਿੱਕਰ ਦਾ ਸੰਦੂਕ :

"ਪੰਜਾਬ ਵਿਚ ਕਿੱਕਰ ਦੀਆਂ ਦੋ ਕਿਸਮਾਂ ਮਿਲਦੀਆਂ ਹਨ – ਇੱਕ ਤਾਂ ਆਮ ਭਾਰਤੀ ਕਿੱਕਰ ਜਿਸਨੂੰ ਵਿਗਿਆਨਕ ਭਾਸ਼ਾ ਵਿਚ 'ਅਕੇਸ਼ੀਆ ਅਰੇਬਿਕਾ' (Acacia Arabica) ਕਹਿੰਦੇ ਹਨ ਜੋ 50-60 ਫੁੱਟ ਉੱਚੀ ਹੁੰਦੀ ਹੈ ਅਤੇ ਦੂਸਰੀ 'ਪਹਾੜੀ ਕਿੱਕਰ' ਜਾਂ 'ਕਾਬਲੀ ਕਿੱਕਰ' ਜਿਸਦੀ ਉਚਾਈ ਘੱਟ ਹੁੰਦੀ ਹੈ। ਇਸ ਕਿੱਕਰ ਦੀਆਂ ਕਈ ਸ਼ਾਖ਼ਾਵਾਂ ਜ਼ਮੀਨ ਤੋਂ ਇਕੱਠੀਆਂ ਨਿਕਲਦੀਆਂ ਹਨ।"[7] ਭਾਰਤੀ ਕਿੱਕਰ ਵਧੇਰੇ ਭਾਰੀ ਤੇ ਸਖ਼ਤ ਹੁੰਦੀ ਹੈ। ਪੰਜਾਬ ਵਿਚ ਇਸ ਕਿਸਮ ਦੀ ਲੱਕੜ ਹੀ ਵਧੇਰੇ ਉਗਾਈ ਜਾਂਦੀ ਹੈ। ਕਿੱਕਰ ਦੀ ਲੱਕੜ ਵਿਚ ਸਖ਼ਤ ਰੇਸ਼ੇ ਹੋਣ ਕਾਰਨ ਇਹ ਵਧੇਰੇ ਮਜ਼ਬੂਤ ਹੁੰਦੀ ਹੈ। ਸੰਦੂਕ ਬਣਾਉਣ ਲਈ ਕਿੱਕਰ ਦੀ ਕਾਲੀ ਲੱਕੜ ਵਧੇਰੇ ਵਰਤੀ ਜਾਂਦੀ ਹੈ। ਕਿੱਕਰ ਦੇ ਸੱਕ ਰੰਗ ਬਣਾਉਣ ਦੇ ਕੰਮ ਆਉਂਦੇ ਹਨ।

ਇਸ ਤੋਂ ਇਲਾਵਾ ਕਿੱਕਰ ਦੇ ਫੁੱਲ ਵੀ ਵਿਭਿੰਨ ਰੋਗਾਂ ਦੇ ਇਲਾਜ ਲਈ ਔਸ਼ਧੀ ਦੇ ਰੂਪ ਵਿਚ ਵਰਤੇ ਜਾਂਦੇ ਹਨ। ਕਿੱਕਰ ਦੀ ਲੱਕੜ ਨੂੰ ਵਿਭਿੰਨ ਵਸਤਾਂ ਦੇ ਨਿਰਮਾਣ ਲਈ ਵਰਤਿਆ ਜਾਂਦਾ ਹੈ। ਕਿੱਕਰ ਤੋਂ ਬਣੇ ਸੰਦੂਕ ਉੱਪਰ ਵਧੇਰੇ ਸਫ਼ਾਈ ਨਹੀਂ ਆਉਂਦੀ ਇਸ ਲਈ ਇਸਨੂੰ ਰੋਗਨ ਜਾਂ ਵਾਰਨਿਸ਼ ਨਾਲ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਜਾਂਦੀ ਹੈ।[8] ਇਹ ਰੁੱਖ ਉਚਾਈ ਵਿਚ ਵਧੇਰੇ ਹੁੰਦਾ ਹੈ। ਇਸ ਲਈ ਕਿੱਕਰ ਦੇ ਰੁੱਖ ਵਿਚੋਂ ਵਧੇਰੇ ਲੱਕੜ ਪ੍ਰਾਪਤ ਹੁੰਦੀ ਹੈ। ਕਾਰੀਗਰ ਵਰਗ ਦੁਆਰਾ ਵੱਡੇ ਆਕਾਰ ਦੇ ਸੰਦੂਕਾਂ ਦਾ ਨਿਰਮਾਣ ਇਸ ਲੱਕੜ ਤੋਂ ਕੀਤਾ ਜਾਂਦਾ ਹੈ।

ਪੁਰਾਣੇ ਸਮੇਂ ਵਿਚ ਲੜਕੀ ਦੇ ਜਨਮ ਸਮੇਂ ਖੇਤ ਜਾਂ ਕਿਸੇ ਹੋਰ ਥਾਂ 'ਤੇ ਉਸਦੇ ਨਾਮ ਦਾ ਕਿੱਕਰ ਜਾਂ ਟਾਹਲੀ ਦਾ ਬੂਟਾ ਲਗਾਇਆ ਜਾਂਦਾ ਸੀ ਜੋ ਉਸਦੇ ਜਵਾਨ ਹੋਣ ਤੱਕ ਭਰਪੂਰ ਰੁੱਖ ਬਣ ਜਾਂਦਾ ਸੀ। ਇਸ ਰੁੱਖ ਦੀ ਲੱਕੜ ਤੋਂ ਲੜਕੀ ਦੇ ਦਾਜ ਦਾ ਸੰਦੂਕ ਤੇ ਹੋਰ ਫ਼ਰਨੀਚਰ ਤਿਆਰ ਕੀਤਾ ਜਾਂਦਾ ਸੀ। ਇਸ ਗੱਲ ਦਾ ਜ਼ਿਕਰ ਲੋਕ ਕਾਵਿ ਵਿਚ ਮਿਲਦਾ ਹੈ :

ਛੇਤੀ-ਛੇਤੀ ਵੱਧ ਕਿੱਕਰੇ

ਅਸੀਂ ਸੱਸ ਦਾ ਸੰਦੂਕ ਬਣਾਉਣਾ।

ਅਜਿਹੀ ਸਥਿਤੀ ਵਿਚ ਤਰਖਾਣ ਨੂੰ ਲੱਕੜ ਪਰਿਵਾਰ ਵੱਲੋਂ ਮੁਹੱਈਆ ਕਰਵਾਈ ਜਾਂਦੀ ਸੀ ਜਿਸਦੀ ਵਰਤੋਂ ਕਰ ਕਾਰੀਗਰ ਪੀੜ੍ਹੀਆਂ ਦੇ ਅਨੁਭਵ ਨਾਲ ਸੰਦੂਕ ਦਾ ਨਿਰਮਾਣ ਕਰਦਾ ਸੀ।

### 1.1.4. ਸਾਗਵਾਨ ਦਾ ਸੰਦੂਕ :

ਸਾਗਵਾਨ ਨੂੰ ਅੰਗਰੇਜ਼ੀ ਵਿਚ 'ਟੀਕ' ਕਿਹਾ ਜਾਂਦਾ ਹੈ, ਜਿਸਦੀ ਉਤਪਤੀ ਯੂਨਾਨੀ ਭਾਸ਼ਾ ਦੇ ਸ਼ਬਦ ਟੈਕਟੋਨ (Takton) ਤੋਂ ਹੋਈ। ਸਾਗਵਾਨ ਦਾ ਰੁੱਖ ਉਹਨਾਂ ਖੇਤਰਾਂ ਵਿਚ ਵਧੇਰੇ ਹੁੰਦਾ ਹੈ ਜਿੱਥੇ ਪਾਣੀ ਦਾ ਚੰਗਾ ਨਿਕਾਸ ਹੋਵੇ।[9] ਇਸ ਲਈ ਪੰਜਾਬ ਵਿਚ ਸਾਗਵਾਨ ਦੀ ਖੇਤੀ ਕੀਤੀ ਜਾਂਦੀ ਹੈ। ਕਈ ਵਾਰ ਕਾਰੀਗਰ ਸਾਗਵਾਨ ਦੀ ਲੱਕੜ ਨੂੰ ਸਰਕਾਰੀ ਮੰਡੀਆਂ ਵਿਚੋਂ ਖ਼੍ਰੀਦਦੇ ਹਨ। ਅਜਿਹੀਆਂ ਮੰਡੀਆਂ ਵਿਚ ਸਰਕਾਰ ਦੁਆਰਾ ਇਸਦਾ ਮੁੱਲ ਨਿਰਧਾਰਿਤ ਕੀਤਾ ਜਾਂਦਾ ਹੈ ਜੋ ਆਮ ਤੌਰ 'ਤੇ 1300 ਤੋਂ 1500 ਸਕੇਅਰ ਫੁੱਟ ਹੁੰਦਾ ਹੈ।[10] ਪਿੰਡਾਂ ਵਿਚਲੇ ਕਈ ਘਰਾਂ ਵਿਚ ਵੀ ਇਸਨੂੰ ਲਗਾਇਆ ਜਾਂਦਾ ਹੈ ਪਰ ਸਾਗਵਾਨ ਦੀ ਲੱਕੜ ਤੋਂ ਨਿਰਮਿਤ ਸੰਦੂਕ ਸਧਾਰਨ ਸੰਦੂਕਾਂ ਨਾਲੋਂ ਮਹਿੰਗੇ ਹੁੰਦੇ ਹਨ ਜਿਸ ਕਾਰਨ ਆਰਥਿਕ ਪੱਖੋਂ ਮਜ਼ਬੂਤ ਪਰਿਵਾਰਾਂ ਦੁਆਰਾ ਹੀ ਅਜਿਹੇ ਰੁੱਖ ਦੀ ਲੱਕੜ ਤੋਂ ਸੰਦੂਕ ਬਣਵਾਏ ਜਾਂਦੇ ਹਨ। ਕਈ ਵਾਰ ਤਰਖਾਣ ਸਾਗਵਾਨ ਨੂੰ ਪਹਾੜੀ ਇਲਾਕਿਆਂ ਵਿਚੋਂ ਮੰਗਵਾਉਂਦੇ ਹਨ। ਪਹਾੜਾਂ ਤੋਂ ਸਾਗਵਾਨ ਦੀ ਲੱਕੜ ਨੂੰ ਪੰਜਾਬ ਵਿਚ ਲਿਆਉਣ 'ਤੇ ਖਰਚਾ ਵਧੇਰੇ ਆਉਂਦਾ ਹੈ। ਅਜਿਹੇ ਕਾਰਨਾਂ ਕਰਕੇ ਸਾਗਵਾਨ ਤੋਂ ਬਣੇ ਸੰਦੂਕਾਂ ਦਾ ਮੁੱਲ ਵਧੇਰੇ ਹੁੰਦਾ ਹੈ। ਦੂਸਰਾ ਸਾਗਵਾਨ ਦੀ ਕੀਮਤ ਟਾਹਲੀ ਦੀ ਲੱਕੜ ਨਾਲੋਂ ਦੁੱਗਣੀ ਹੁੰਦੀ ਹੈ। ਜੇਕਰ ਹੁਣ ਦੇ ਸਮੇਂ ਵਿਚ ਟਾਹਲੀ ਦੀ ਲੱਕੜ ਤੋਂ ਬਣੇ ਸੰਦੂਕ ਦੀ ਕੀਮਤ 50,000 ਹੈ ਤਾਂ ਸਾਗਵਾਨ ਦੀ ਲੱਕੜ ਤੋਂ ਨਿਰਮਿਤ ਸੰਦੂਕ ਦੀ ਕੀਮਤ 1,00,000 ਹੋਵੇਗੀ।[11]

ਸਾਗਵਾਨ ਦੇ ਰੁੱਖ ਦੀ ਖ਼ਾਸੀਅਤ ਇਹ ਹੈ ਕਿ ਇਸਦੀ ਲੱਕੜ ਭਾਰੀ, ਖ਼ੂਬਸੂਰਤ ਅਤੇ ਲੰਮੇ ਰੇਸ਼ਿਆਂ ਵਾਲੀ ਹੁੰਦੀ ਹੈ। ਇਸਦਾ ਭਾਰ 20 ਕਿਲੋ ਗ੍ਰਾਮ ਘਣ

ਫੁੱਟ ਹੁੰਦਾ ਹੈ।[12] ਸਾਗਵਾਨ ਦੇ ਲੰਮੇ ਅਤੇ ਚੌੜੇ ਪੱਤਿਆਂ ਤੋਂ ਪੱਤਲ ਅਤੇ ਡੂਨੇ ਆਦਿ ਬਣਾਏ ਜਾਂਦੇ ਹਨ। ਇਸ ਤੋਂ ਇਲਾਵਾ ਸਾਗਵਾਨ ਦੀ ਲੱਕੜ ਵਿਚ ਖ਼ਾਸ ਕਿਸਮ ਦਾ ਤੇਲ ਹੁੰਦਾ ਹੈ ਜੋ ਇਸਨੂੰ ਕੀੜਿਆਂ-ਮਕੌੜਿਆਂ ਤੋਂ ਬਚਾਉਂਦਾ ਹੈ। ਤੇਲ ਕਾਰਨ ਲੱਕੜ ਦੇ ਫੱਟਣ/ਪਾਟਣ ਦਾ ਡਰ ਨਹੀਂ ਰਹਿੰਦਾ। ਸਾਗਵਾਨ ਦੀ ਅਜਿਹੀ ਖ਼ਾਸੀਅਤ ਕਾਰਨ ਇਸਨੂੰ ਸੰਦੂਕ ਬਣਾਉਣ ਲਈ ਵਰਤਿਆ ਜਾਂਦਾ ਹੈ। ਅਜਿਹੇ ਸੰਦੂਕ ਉੱਪਰ ਵਾਰਨਿਸ਼ ਅਤੇ ਪਾਲਸ਼ ਬਹੁਤ ਵਧੀਆ ਉਘੜਦਾ ਹੈ। ਆਧੁਨਿਕ ਸਮੇਂ ਵਿਚ ਵਧੇਰੇ ਵਸਤਾਂ ਦੇ ਨਿਰਮਾਣ ਲਈ ਸਾਗਵਾਨ ਦੀ ਲੱਕੜ ਨੂੰ ਵਧੇਰੇ ਤਰਜ਼ੀਹ ਦਿੱਤੀ ਜਾਂਦੀ ਹੈ।

### 1.2. **ਧਾਤ** :

ਸਮੇਂ ਦੇ ਵਿਕਾਸ ਨਾਲ ਲੱਕੜ ਦੇ ਬਦਲ ਬਾਜ਼ਾਰਾਂ ਵਿਚ ਆਉਣ ਲੱਗੇ ਜੋ ਧਾਤਾਂ ਦੇ ਰੂਪ ਵਿਚ ਪੇਸ਼ ਹੋਏ। ਧਾਤਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਵਧੇਰੇ ਚਮਕਦਾਰ, ਮਜ਼ਬੂਤ ਅਤੇ ਖ਼ੂਬਸੂਰਤ ਦਿੱਖ ਵਾਲੀਆਂ ਹੁੰਦੀਆਂ ਹਨ। ਹੌਲੀ-ਹੌਲੀ ਮਨੁੱਖੀ ਮਾਨਸਿਕਤਾ ਇਹਨਾਂ ਧਾਤਾਂ ਪ੍ਰਤੀ ਰੁਚਿਤ ਹੋਈ ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਸ਼ਿਲਪਕਾਰ ਧਾਤਾਂ ਤੋਂ ਵਸਤਾਂ ਦੀ ਸਿਰਜਣਾ ਕਰਨ ਲੱਗੇ। ਇਹਨਾਂ ਵਿਚ ਸੋਨਾ, ਸਟੀਲ, ਲੋਹਾ, ਪਿੱਤਲ ਆਦਿ ਆਉਂਦੀਆਂ ਹਨ, ਜਿੰਨ੍ਹਾਂ ਦੀ ਵਰਤੋਂ ਵਸਤਾਂ ਦੇ ਨਿਰਮਾਣ ਲਈ ਹੋਣ ਲੱਗੀ। ਘਰੇਲੂ ਵਰਤੋਂ ਦੀਆਂ ਵਸਤਾਂ ਤੋਂ ਇਲਾਵਾ ਕੀਮਤੀ ਵਸਤਾਂ ਜਿਵੇਂ ਗਹਿਣਿਆਂ ਨੂੰ ਬਣਾਉਣ ਲਈ ਇਹਨਾਂ ਧਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ।

### 1.2.1. **ਲੋਹੇ ਤਾ ਸੰਦੂਕ** :

ਖੇਤਰੀ ਕਾਰਜ ਦੌਰਾਨ ਲੋਹੇ ਦਾ ਸੰਦੂਕ ਪ੍ਰਾਪਤ ਹੋਇਆ ਹੈ, ਜੋ ਵਿਲੱਖਣ ਕਾਰੀਗਰੀ ਦੀ ਮਿਸਾਲ ਹੈ। ਇਹ ਸੰਦੂਕ ਮਾਲਵੇ ਦੇ ਇਲਾਕੇ ਵਿਚੋਂ ਪ੍ਰਾਪਤ ਹੋਇਆ ਹੈ। ਇਸ ਦਾ ਸਮੁੱਚਾ ਢਾਂਚਾ ਪਾਵਿਆਂ ਸਮੇਤ ਤਿਆਰ ਕੀਤਾ ਗਿਆ ਹੈ। ਸੰਦੂਕ ਨੂੰ ਆਕਰਸ਼ਕ ਅਤੇ ਖ਼ੂਬਸੂਰਤ ਬਣਾਉਣ ਲਈ ਪੱਟੀ ਵੀ ਲਗਾਈ ਗਈ ਹੈ। ਇਸਦੇ ਸਿਰੇ ਉਪਰ ਲੱਗੀ ਪੱਟੀ ਇਸਨੂੰ ਵਿਸ਼ੇਸ਼ ਵਸਤ ਬਣਾਉਂਦੀ ਹੈ। ਸੰਦੂਕ ਦੇ ਅਗਲੇ ਭਾਗ

ਉਪਰ ਵਿਭਿੰਨ ਰੰਗਾਂ ਦੀ ਸਹਾਇਤਾ ਨਾਲ ਚਿੱਤਰਕਾਰੀ ਰਾਹੀਂ ਪੰਛੀਆਂ, ਜਿਉਮੈਟਰੀਕਲ ਆਕਾਰਾਂ ਨੂੰ ਉਲੀਕਿਆ ਗਿਆ ਹੈ। ਅਜਿਹੀ ਚਿੱਤਰਕਾਰੀ ਇਸਨੂੰ ਸੁਹਜ ਕਲਾ ਦਾ ਉੱਤਮ ਨਮੂਨਾ ਬਣਾਉਂਦੀ ਹੈ। ਇਸਦੇ ਵਿਚਕਾਰ ਛੋਟਾ ਦਰਵਾਜ਼ਾ ਲੱਗਾ ਹੋਇਆ ਹੈ ਜਿਸਦੇ ਦੋ ਪੱਲੇ ਹਨ ਜੋ ਬਾਹਰ ਵੱਲ ਨੂੰ ਖੁੱਲ੍ਹਦੇ ਹਨ। ਦਰਵਾਜ਼ੇ ਰਾਹੀਂ ਵਸਤਾਂ ਨੂੰ ਸੰਦੂਕ ਵਿਚ ਰੱਖਿਆ ਜਾਂਦਾ ਹੈ। ਦਰਵਾਜ਼ਾ ਛੋਟਾ ਹੋਣ ਕਾਰਨ ਇਸ ਵਿਚ ਰਜ਼ਾਈਆਂ, ਤਲਾਈਆਂ ਆਦਿ ਰੱਖਣ ਵਿਚ ਮੁਸ਼ਕਲ ਆਉਂਦੀ ਹੈ। ਇਸ ਲਈ ਛੋਟੀਆਂ ਵਸਤਾਂ ਨੂੰ ਇਸ ਵਿਚ ਰੱਖਿਆ ਜਾਂਦਾ ਹੈ। ਦੂਸਰਾ ਇਹ ਸੰਦੂਕ ਖੜ੍ਹਵੇਂ ਆਕਾਰ ਦਾ ਹੈ। ਲੋਹੇ ਦਾ ਬਣਿਆ ਹੋਣ ਕਾਰਨ ਇਹ ਸੰਦੂਕ ਮਜ਼ਬੂਤ ਤੇ ਹੰਢਣਸਾਰ ਹੈ। ਇਸਦੇ ਚਾਰੇ ਪਾਸੇ ਰੋਗਨ ਕੀਤਾ ਗਿਆ ਹੈ ਤਾਂ ਜੋ ਇਸਨੂੰ ਜੰਗਾਲ ਤੋਂ ਬਚਾਇਆ ਜਾ ਸਕੇ ਅਤੇ ਇਸ ਵਿਚ ਰੱਖੀਆਂ ਵਸਤਾਂ ਸੁਰੱਖਿਅਤ ਰਹਿ ਸਕਣ। ਖੇਤਰੀ ਕਾਰਜ ਦੌਰਾਨ ਇਸ ਵੰਨਗੀ ਦੇ ਸੰਦੂਕ ਘੱਟ ਪ੍ਰਾਪਤ ਹੋਏ ਹਨ ਜਿਸਦਾ ਮੁੱਖ ਕਾਰਨ ਇਸ ਦੇ ਦਰਵਾਜ਼ੇ ਦਾ ਛੋਟਾ ਆਕਾਰ ਹੈ। ਦੂਸਰਾ ਲੋਹੇ ਦੇ ਬਣੇ ਹੋਣ ਕਾਰਨ ਇਹਨਾਂ ਨੂੰ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ ਕਰਨਾ ਆਸਾਨ ਨਹੀਂ ਹੁੰਦਾ। ਅਜਿਹੀਆਂ ਸਮੱਸਿਆਵਾਂ ਕਾਰਨ ਇਹਨਾਂ ਦਾ ਪ੍ਰਚਲਨ ਘੱਟਦਾ ਗਿਆ।

ਖੇਤਰੀ ਕਾਰਜ ਦੌਰਾਨ ਲੋਹੇ ਦਾ ਇਕ ਹੋਰ ਸੰਦੂਕ ਪ੍ਰਾਪਤ ਹੁੰਦਾ ਹੈ ਜੋ ਬਕਸਾਨੁਮਾ ਆਕਾਰ ਦਾ ਹੈ। ਇਸਦਾ ਸਮੁੱਚਾ ਢਾਂਚਾ ਲੋਹੇ ਤੋਂ ਤਿਆਰ ਕੀਤਾ ਗਿਆ ਹੈ ਜੋ ਪਾਵਿਆਂ ਤੋਂ ਬਗੈਰ ਹੈ। ਇਸਦੇ ਸਿਰੇ ਉਪਰ ਦੋ ਕੁੰਡਿਆਂ ਵਾਲਾ ਦਰਵਾਜ਼ਾ ਲੱਗਾ ਹੋਇਆ ਹੈ ਜਿਸ ਦੀ ਸਹਾਇਤਾ ਨਾਲ ਸੰਦੂਕ ਨੂੰ ਖੋਲ੍ਹਿਆ ਜਾਂਦਾ ਹੈ। ਸੰਦੂਕ ਅੰਦਰ ਇਕ ਛੋਟਾ ਖ਼ਾਨਾ ਵੀ ਬਣਾਇਆ ਗਿਆ ਜੋ ਛੋਟੇ ਆਕਾਰ ਦੀਆਂ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦਾ ਹੈ। ਅਜਿਹਾ ਸੰਦੂਕ ਕੇਵਲ ਕੱਪੜੇ ਰੱਖਣ ਦੇ ਕੰਮ ਲਈ ਹੀ ਵਰਤਿਆ ਜਾਂਦਾ ਹੈ। ਇਸਦੇ ਸੱਜੇ ਅਤੇ ਖੱਬੇ ਪਾਸੇ ਦੋ ਹੈਂਡਲ ਲੱਗੇ ਹੋਏ ਹਨ ਜਿੰਨ੍ਹਾਂ ਦੀ ਸਹਾਇਤਾ ਨਾਲ ਸੰਦੂਕ ਨੂੰ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ ਰੱਖਿਆ ਜਾਂਦਾ ਹੈ। ਸਧਾਰਨ ਘਰਾਂ ਵਿਚ ਇਹਨਾ ਦੀ ਵਰਤੋਂ ਕੀਤੀ ਜਾਦੀ ਹੈ। ਅਜਿਹੇ ਸੰਦੂਕ

ਸਧਾਰਨ ਕਾਰੀਗਰੀ ਦੀ ਮਿਸਾਲ ਹਨ। ਇਹਨਾਂ ਨੂੰ ਬਣਾਉਣ ਲਈ ਵਰਤੀ ਗਈ ਧਾਤ ਹੀ ਇਸਨੂੰ ਖ਼ੂਬਸੂਰਤ ਵਸਤ ਬਣਾਉਂਦੀ ਹੈ। ਦੂਸਰਾ ਪਹਿਲੂ ਇਹ ਵੀ ਹੈ ਕਿ ਲੋਹੇ ਨੂੰ ਵਧੀਆ ਅਤੇ ਸ਼ੁੱਭ ਧਾਤ ਮੰਨਿਆ ਜਾਂਦਾ ਹੈ। ਲੋਕ ਵਿਸ਼ਵਾਸ ਅਨੁਸਾਰ ਜਿੱਥੇ ਲੋਹਾ ਹੁੰਦਾ ਹੈ ਉੱਥੇ ਬਦਰੂਹਾਂ ਨਹੀਂ ਆਉਂਦੀਆਂ। ਮਿਸਾਲ ਦੇ ਤੌਰ 'ਤੇ ਨਵੇ ਜੰਮੇ ਬੱਚੇ ਅਤੇ ਉਸਦੀ ਮਾਂ ਦੇ ਸਿਰਹਾਣੇ ਲੋਹਾ ਰੱਖਿਆ ਜਾਂਦਾ ਹੈ ਤਾਂ ਜੋ ਮਾਂ ਅਤੇ ਬੱਚਾ ਬਦਰੂਹਾਂ ਤੋਂ ਬਚਿਆ ਰਹਿ ਸਕੇ ਅਰਥਾਤ ਲੋਹਾ ਸੁਰੱਖਿਆ ਦਾ ਪ੍ਰਤੀਕ ਬਣਦਾ ਹੈ। ਲੋਕ ਮਾਨਸਿਕਤਾ ਵਿਚ ਲੋਹੇ ਨਾਲ ਸੰਬੰਧਿਤ ਅਜਿਹਾ ਪੱਖ ਇਸਨੂੰ ਆਮ ਧਾਤ ਨਾਲੋਂ ਵਿਸ਼ੇਸ਼ ਬਣਾਉਂਦਾ ਹੈ ਪਰ ਧਾਤ ਦੇ ਸੰਦੂਕ ਬਣਨ ਪਿੱਛੇ ਲੱਕੜ ਦੇ ਮੁਕਾਬਲੇ ਧਾਤ ਦਾ ਮਜ਼ਬੂਤ ਹੋਣਾ ਵਧੇਰੇ ਮਹੱਤਵ ਰੱਖਦਾ ਹੈ। ਸੰਦੂਕਾਂ ਦੀਆਂ ਵਿਭਿੰਨ ਵੰਨਗੀਆਂ ਨੂੰ ਬਣਾਉਣ ਲਈ ਇਸ ਧਾਤ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਸੰਦੂਕੜੀਆਂ, ਗੱਲੇ ਆਦਿ।

### 1.2.2. **ਸਟੀਲ ਦੀ ਸੰਦੂਕੜੀ** :

ਧਾਤਾਂ ਆਦਿ ਕਾਲ ਤੋਂ ਹੀ ਮਨੁੱਖੀ ਮਾਨਸਿਕਤਾ ਨੂੰ ਟੁੰਬਦੀਆਂ ਰਹੀਆਂ ਹਨ, ਜਿੰਨ੍ਹਾਂ ਵਿਚੋਂ ਸਟੀਲ ਇਕ ਹੈ। ਇਹ ਧਾਤ ਚਮਕਦਾਰ ਹੋਣ ਦੇ ਨਾਲ-ਨਾਲ ਵਧੇਰੇ ਖ਼ੂਬਸੂਰਤ ਵੀ ਹੈ। ਇਸ ਦੀ ਵਰਤੋਂ ਨਾਲ ਵਿਭਿੰਨ ਵਸਤਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਜਿਵੇਂ ਘਰਾਂ ਵਿਚ ਵਰਤੇ ਜਾਂਦੇ ਬਰਤਨ। ਸਟੀਲ ਦੀ ਵਰਤੋਂ ਨਾਲ ਸੰਦੂਕੜੀਆਂ ਵੀ ਬਣਾਈਆਂ ਜਾਂਦੀਆਂ ਹਨ ਜੋ ਵਧੇਰੇ ਕਲਾਤਮਕ ਦਿੱਖ ਵਾਲੀਆਂ ਹੁੰਦੀਆਂ ਹਨ ਪਰ ਇੱਥੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਸਟੀਲ ਦੀ ਬਣੀ ਸੰਦੂਕੜੀ ਨੂੰ ਲਿਆ ਗਿਆ ਹੈ। ਇਹ ਸੰਦੂਕੜੀ ਕੇਵਲ ਸਟੀਲ ਦੀ ਬਣੀ ਹੋਈ ਨਹੀਂ ਬਲਕਿ ਸੋਨੇ ਵਰਗੀ ਕੀਮਤੀ ਧਾਤ ਨੂੰ ਵੀ ਸ਼ਿੰਗਾਰ ਦੇ ਤੌਰ 'ਤੇ ਵਰਤਿਆ ਗਿਆ ਹੈ। ਸ਼ਾਹੀ ਮਹਿਲਾਂ ਵਿਚ ਅਜਿਹੀਆਂ ਸੰਦੂਕੜੀਆਂ ਦੀ ਵਰਤੋਂ ਹੁੰਦੀ ਰਹੀ ਸੀ ਜੋ ਹਾਰ-ਸ਼ਿੰਗਾਰ ਦੀਆਂ ਵਸਤਾਂ, ਗਹਿਣਿਆਂ ਆਦਿ ਨੂੰ ਸੰਭਾਲਣ ਲਈ ਵਰਤੀਆਂ ਜਾਂਦੀਆਂ ਸਨ। ਇਸਦੀ ਉਚਾਈ 27.3 ਸੈਂਟੀਮੀਟਰ ਅਤੇ ਗਹਿਰਾਈ 20.3 ਸੈਂਟੀਮੀਟਰ ਹੈ। ਸੰਦੂਕੜੀ ਉਪਰ ਸੋਨੇ ਦੀ

ਵਰਤੋਂ ਨਾਲ ਮੀਨਾਕਾਰੀ ਕੀਤੀ ਗਈ ਹੈ।[13] ਮੀਨਾਕਾਰੀ ਲਈ ਵਿਸ਼ੇਸ਼ ਤਕਨੀਕਾਂ ਦੀ ਵਰਤੋਂ ਕੀਤੀ ਗਈ ਹੈ। ਇਹ ਸੰਦੂਕੜੀ ਗੋਲ ਆਕਾਰ ਵਿਚ ਬਣੀ ਹੋਈ ਹੈ ਜਿਸਦੇ ਉਪਰ ਗੁਬੰਦ ਆਕਾਰੀ ਢੱਕਣ/ਦਰਵਾਜ਼ਾ ਲੱਗਾ ਹੋਇਆ ਹੈ। ਇਸਦੇ ਦਰਵਾਜ਼ੇ ਉਪਰ ਲਾਟੂ ਲੱਗਾ ਹੋਇਆ ਹੈ ਜਿਸਦੀ ਸਹਾਇਤਾ ਨਾਲ ਇਹ ਸੰਦੂਕੜੀ ਖੁੱਲ੍ਹਦੀ ਹੈ। ਇਸਦੀ ਵਰਤੋਂ ਸੋਨਾ, ਚਾਂਦੀ, ਪੈਸੇ ਆਦਿ ਰੱਖਣ ਲਈ ਵੀ ਕੀਤੀ ਜਾਂਦੀ ਹੈ। ਸੋਨਾ ਮਹਿੰਗੀ ਧਾਤ ਹੋਣ ਕਾਰਨ ਇਸਦੀ ਵਰਤੋਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਇਸ ਲਈ ਅਜਿਹੀਆਂ ਸੰਦੂਕੜੀਆਂ ਕੇਵਲ ਮਹਿਲਾਂ ਵਿਚ ਹੀ ਵਰਤੀਆਂ ਜਾਂਦੀਆਂ ਹਨ। ਆਧੁਨਿਕ ਸਮੇਂ ਅਜਿਹੀ ਸੰਦੂਕੜੀ ਮਿਊਜ਼ੀਅਮ ਦਾ ਸ਼ਿੰਗਾਰ ਬਣੀ ਹੋਈ ਹੈ। ਵਰਤੋਂ ਦੇ ਨਾਲ-ਨਾਲ ਇਸਦੀ ਬਾਹਰੀ ਦਿੱਖ ਇਸਨੂੰ ਖ਼ਾਸ ਬਣਾਉਂਦੀ ਹੈ।

## 2. ਬਣਤਰ ਦੇ ਆਧਾਰ 'ਤੇ :

ਬਣਤਰ ਪੱਖੋਂ ਸੰਦੂਕ ਦੀਆਂ ਵਿਭਿੰਨ ਵੰਨਗੀਆਂ ਮਿਲਦੀਆਂ ਹਨ :

### 2.1. ਬਕਸਾਨੁਮਾ ਸੰਦੂਕ :

ਇਸ ਵੰਨਗੀ ਦੇ ਸੰਦੂਕ ਦੀ ਬਣਤਰ ਬਕਸੇ ਦੀ ਤਰ੍ਹਾਂ ਹੋਣ ਕਾਰਨ ਇਸਨੂੰ ਬਕਸਾਨੁਮਾ ਸੰਦੂਕ ਕਿਹਾ ਜਾਂਦਾ ਹੈ। ਇਸ ਸੰਦੂਕ ਦੀ ਬਣਤਰ ਪੱਖੋਂ ਵਿਭਿੰਨਤਾ ਇਸਨੂੰ ਵਿਲੱਖਣ ਤੇ ਵਿਸ਼ੇਸ਼ ਵਸਤ ਬਣਾਉਂਦੀ ਹੈ। ਬਣਤਰ ਦੀ ਵਿਭਿੰਨਤਾ ਕਾਰਨ ਇਸਦੀਆਂ ਦੋ ਵੰਨਗੀਆਂ ਮਿਲਦੀਆਂ ਹਨ।

#### 2.1.1. ਪਾਵਿਆਂ ਰਹਿਤ ਬਕਸਾਨੁਮਾ ਸੰਦੂਕ :

ਇਸ ਸੰਦੂਕ ਦੀ ਬਣਤਰ ਵਿਚ ਪਾਵੇ ਨਹੀਂ ਲਗਾਏ ਜਾਂਦੇ ਬਲਕਿ ਫੱਟੀਆਂ ਨੂੰ ਆਪਸ ਵਿਚ ਲੋਹੇ ਦੇ ਪੱਤਰਿਆਂ ਅਤੇ ਮੇਖਾਂ ਦੀ ਸਹਾਇਤਾ ਨਾਲ ਜੋੜਿਆ ਜਾਂਦਾ ਹੈ। ਇਹਨਾਂ ਫੱਟੀਆਂ ਨੂੰ ਆਪਸ ਵਿਚ ਜੋੜ ਕੇ ਚੌਰਸ ਬਕਸਾ ਬਣਾਇਆ ਜਾਂਦਾ ਹੈ। ਸੰਦੂਕ ਦਾ ਹੇਠਲਾ ਤਲਾ ਵੱਖਰਾ ਤਿਆਰ ਕਰਕੇ ਲਗਾਇਆ ਜਾਂਦਾ ਹੈ। ਹੇਠਲੇ ਤਲੇ ਦੀ ਲੱਕੜ ਮੋਟਾਈ ਵਿਚ ਲਗਾਈ ਜਾਂਦੀ ਹੈ ਤਾਂ ਜੋ ਵਸਤਾਂ ਸੁਰੱਖਿਅਤ ਰਹਿ ਸਕਣ।

ਸੰਦੂਕ ਉੱਪਰ ਦਰਵਾਜ਼ਾ ਲੱਗਾ ਹੁੰਦਾ ਹੈ ਜੋ ਕੁੰਡਿਆਂ ਦੀ ਸਹਾਇਤਾ ਨਾਲ ਖੁੱਲ੍ਹਦਾ ਹੈ। ਕੁੰਡਿਆਂ ਦੀ ਗਿਣਤੀ ਦੋ ਜਾਂ ਤਿੰਨ ਰੱਖੀ ਜਾਂਦੀ ਹੈ। ਕਈ ਬਕਸਾਨੁਮਾ ਸੰਦੂਕ ਅਜਿਹੇ ਵੀ ਪ੍ਰਾਪਤ ਹੋਏ ਹਨ ਜਿੰਨ੍ਹਾਂ ਦੇ ਦਰਵਾਜ਼ੇ ਦੀ ਬਣਤਰ ਵਿਚ ਕੇਵਲ ਇਕ ਕੁੰਡਾ ਹੀ ਲਗਾਇਆ ਗਿਆ ਹੈ। ਅਜਿਹੇ ਸੰਦੂਕ ਦੇ ਅੰਦਰ ਛੋਟਾ ਖ਼ਾਨਾ ਵੀ ਬਣਾਇਆ ਜਾਂਦਾ ਹੈ ਜਿਸ ਵਿਚ ਪੈਸੇ, ਕੀਮਤੀ ਕਾਗਜ ਪੱਤਰ ਆਦਿ ਰੱਖੇ ਜਾਂਦੇ ਹਨ। ਇਸਦੇ ਸੱਜੇ ਅਤੇ ਖੱਬੇ ਪਾਸੇ ਦੋ ਹੈਂਡਲ ਵੀ ਲੱਗੇ ਹੁੰਦੇ ਹਨ ਜੋ ਸੰਦੂਕ ਨੂੰ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ ਰੱਖਣ ਲਈ ਬਣਾਏ ਜਾਂਦੇ ਹਨ। ਇਹ ਸੰਦੂਕ ਪਾਵਿਆਂ ਤੋਂ ਰਹਿਤ ਹੋਣ ਕਾਰਨ ਲੱਕੜ ਦੇ ਸਿੱਲਣ ਦਾ ਡਰ ਬਣਿਆ ਰਹਿੰਦਾ ਹੈ। ਦੂਸਰਾ ਘਰ ਦੀ ਸਫ਼ਾਈ ਕਰਦੇ ਸਮੇਂ ਜਿਸ ਥਾਂ ਸੰਦੂਕ ਰੱਖਿਆ ਜਾਂਦਾ ਹੈ ਉਸ ਥਾਂ ਦੀ ਸਫ਼ਾਈ ਨਹੀਂ ਹੋ ਸਕਦੀ, ਅਜਿਹੇ ਕਾਰਨਾਂ ਕਰਕੇ ਇਹਨਾਂ ਸੰਦੂਕਾਂ ਹੇਠਾਂ ਇੱਟਾਂ ਜਾਂ ਲੱਕੜ ਦੇ ਟੁੱਕੜੇ ਰੱਖ ਦਿੱਤੇ ਜਾਂਦੇ ਹਨ। ਇਸ ਵੰਨਗੀ ਵਿਚ ਮਿਲਦੇ ਵਧੇਰੇ ਸੰਦੂਕ ਸਾਦੀ ਬਣਾਵਟ ਵਾਲੇ ਹੁੰਦੇ ਹਨ। ਪਰ ਆਧੁਨਿਕ ਸਮੇਂ ਵਿਚ ਮਿਲਦੇ ਅਜਿਹੇ ਸੰਦੂਕ ਸਜਾਵਟੀ ਪੱਖੋਂ ਵਧੇਰੇ ਆਕਰਸ਼ਕ ਦਿੱਖ ਵਾਲੇ ਹਨ। ਇਹਨਾਂ ਉਪਰ ਵਿਭਿੰਨ ਸਜਾਵਟੀ ਜੁਗਤਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਚਿੱਤਰਕਾਰੀ, ਨਕਾਸ਼ੀ ਆਦਿ। ਸਜਾਵਟੀ ਦਿੱਖ ਵਾਲੇ ਸੰਦੂਕ ਆਧੁਨਿਕ ਘਰਾਂ ਦਾ ਸ਼ਿੰਗਾਰ ਬਣ ਰਹੇ ਹਨ। ਅਜਿਹੇ ਸੰਦੂਕਾਂ ਦੀ ਵਰਤੋਂ ਘਰਾਂ ਤੋਂ ਇਲਾਵਾ ਦੁਕਾਨਾਂ ਵਿਚ ਵੀ ਹੋ ਰਹੀ ਹੈ। ਲੱਕੜ ਤੋਂ ਬਣੇ ਸਧਾਰਨ ਦਿੱਖ ਵਾਲੇ ਪਾਵਿਆਂ ਤੋਂ ਰਹਿਤ ਸੰਦੂਕਾਂ ਨੂੰ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਪ੍ਰਦਰਸ਼ਨੀਆਂ ਵਿਚ ਵੀ ਵੇਖਿਆ ਜਾ ਸਕਦਾ ਹੈ ਜੋ ਲੋਕਾਂ ਨੂੰ ਵਿਰਾਸਤੀ ਵਸਤਾਂ ਤੋਂ ਜਾਣੂ ਕਰਵਾਉਂਦੀਆਂ ਹਨ। ਅਜਿਹੇ ਸੰਦੂਕ ਉਪਯੋਗੀ ਵਸਤ ਹੋਣ ਦੇ ਨਾਲ-ਨਾਲ ਕਲਾਤਮਕ ਵਸਤ ਵਜੋਂ ਵੀ ਵਿਸ਼ੇਸ਼ ਪਛਾਣ ਰੱਖਦੇ ਹਨ। ਇਸ ਵੰਨਗੀ ਦੇ ਸੰਦੂਕਾਂ ਦੇ ਨਿਰਮਾਣ ਲਈ ਲੱਕੜ ਅਤੇ ਧਾਤ ਦੀ ਵਰਤੋਂ ਕੀਤੀ ਜਾਂਦੀ ਹੈ।

### 2.1.2. ਪਾਵਿਆਂ ਸਮੇਤ ਬਕਸਾਨੁਮਾ ਸੰਦੂਕ :

ਅਜਿਹੇ ਸੰਦੂਕਾਂ ਦਾ ਢਾਂਚਾ ਪਾਵਿਆਂ ਸਮੇਤ ਤਿਆਰ ਕੀਤਾ ਜਾਂਦਾ ਹੈ। ਪਾਵਿਆਂ ਵਿਚ ਕਾਰੀਗਰ ਤੇਸੇ ਅਤੇ ਚੌਰਸੀ ਦੀ ਸਹਾਇਤਾ ਨਾਲ ਚੌਰਸ ਛੇਕ ਕਰਦਾ ਹੈ ਜਿਸ ਵਿਚ ਲਰਾਂ ਫਿੱਟ ਕੀਤੀਆਂ ਜਾਂਦੀਆਂ ਹਨ। ਇਕ ਲਰ ਉਪਰ ਅਤੇ ਦੂਸਰੀ ਹੇਠਾਂ ਥੋੜ੍ਹਾ ਪਾਵਾ ਛੱਡ ਕੇ ਲਗਾਈ ਜਾਂਦੀ ਹੈ ਜਿਸ ਥਾਂ ਲਰ ਅਤੇ ਪਾਵਾ ਆਪਸ ਵਿਚ ਜੁੜਦੇ ਹਨ ਉਸ ਥਾਂ ਲੋਹੇ ਦੇ ਪੱਤਰੇ ਲਗਾਏ ਜਾਂਦੇ ਹਨ। ਇਸ ਤੋਂ ਬਾਅਦ ਪਾਵੇ ਅਤੇ ਲਰਾਂ ਵਿਚ ਰੰਦੇ ਦੀ ਸਹਾਇਤਾ ਨਾਲ ਝਰੀ ਪਾਈ ਜਾਂਦੀ ਹੈ ਜਿਸ ਵਿਚ ਫੱਟੀਆਂ ਫਿੱਟ ਕੀਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸੰਦੂਕ ਦੇ ਚਾਰੇ ਭਾਗ ਤਿਆਰ ਕੀਤੇ ਜਾਂਦੇ ਹਨ, ਜਿੰਨ੍ਹਾਂ ਨੂੰ ਆਪਸ ਵਿਚ ਜੋੜਿਆ ਜਾਂਦਾ ਹੈ। ਇਸ ਉਪਰੰਤ ਸੰਦੂਕ ਦਾ ਹੇਠਲਾ ਤਲਾ ਤਿਆਰ ਕਰਕੇ ਲਗਾਇਆ ਜਾਂਦਾ ਹੈ।[14] ਅਜਿਹੇ ਸੰਦੂਕ ਦੇ ਸਿਰੇ ਉਪਰ ਦਰਵਾਜ਼ਾ ਲਗਾਇਆ ਜਾਂਦਾ ਹੈ। ਇਸਦੀ ਵਿਲੱਖਣਤਾ ਇਸਦੇ ਪਾਵਿਆਂ ਕਰਕੇ ਹੈ। ਇਹ ਪਾਵੇ ਸਧਾਰਨ ਅਤੇ ਛੋਟੇ ਆਕਾਰ ਦੇ ਹੁੰਦੇ ਹਨ, ਜਿੰਨ੍ਹਾਂ ਦਾ ਮੰਤਵ ਕੇਵਲ ਸੰਦੂਕ ਨੂੰ ਜ਼ਮੀਨ ਤੋਂ ਉੱਚਾ ਰੱਖਦਾ ਹੈ ਪਰ ਕੁਝ ਸੰਦੂਕਾਂ ਦੇ ਪਾਵੇ ਪਲੰਘ ਦੇ ਪਾਵਿਆਂ ਵਾਂਗ ਗੋਲ ਦਿੱਖ ਵਾਲੇ ਵੀ ਬਣਾਏ ਜਾਂਦੇ ਹਨ। ਕਈ ਕਾਰੀਗਰ ਚੌਰਸ, ਗੋਲ ਜਾਂ ਸਜਾਵਟੀ ਆਕਾਰ ਵਾਲੇ ਪਾਵੇ ਵੀ ਲਗਾਉਂਦੇ ਹਨ ਜੋ ਸੰਦੂਕ ਦੀ ਖ਼ੂਬਸੂਰਤੀ ਵਿਚ ਵਾਧਾ ਕਰਦੇ ਹਨ। ਪਾਵਿਆਂ ਕਾਰਨ ਇਹ ਸੰਦੂਕ ਸਿੱਲ, ਕੀੜੇ-ਮਕੌੜਿਆਂ ਤੋਂ ਸੁਰੱਖ਼ਿਅਤ ਰਹਿੰਦੇ ਹਨ। ਇਹਨਾਂ ਦੀ ਵਰਤੋਂ ਕੇਵਲ ਕੁਝ-ਕੁ ਵਸਤਾਂ ਨੂੰ ਰੱਖਣ ਲਈ ਹੀ ਕੀਤੀ ਜਾਂਦੀ ਹੈ। ਇਹਨਾਂ ਦਾ ਆਕਾਰ ਖੜ੍ਹਵੇਂ ਸੰਦੂਕਾਂ ਨਾਲੋਂ ਛੋਟਾ ਹੋਣ ਕਾਰਨ ਇਹਨਾਂ ਵਿਚ ਵਧੇਰੇ ਵਸਤਾਂ ਨੂੰ ਨਹੀਂ ਰੱਖਿਆ ਜਾ ਸਕਦਾ। ਅਰਥਾਤ ਵਧੇਰੇ ਵਸਤਾਂ ਨੂੰ ਸੰਭਾਲਣ ਦੀ ਸਮਰੱਥਾ ਅਜਿਹੇ ਸੰਦੂਕਾਂ ਵਿਚ ਨਹੀਂ ਹੁੰਦੀ। ਇਹਨਾਂ ਸੰਦੂਕਾਂ ਦੀ ਵਰਤੋਂ ਵਸਤਾਂ ਸੰਭਾਲਣ ਤੋਂ ਇਲਾਵਾ ਸਾਈਡ ਟੇਬਲ, ਸਜਾਵਟੀ ਵਸਤਾਂ ਰੱਖਣ ਆਦਿ ਕਾਰਜਾਂ ਲਈ ਵੀ ਕੀਤੀ ਜਾਂਦੀ ਹੈ। ਵੇਖਣ ਵਿਚ ਭਾਵੇਂ ਇਹ ਸੰਦੂਕ ਆਮ ਲੱਗਦਾ ਹੈ ਪਰ ਇਸ ਸੰਦੂਕ ਦੀ ਕਲਾਤਮਕਤਾ ਇਸਦੀ ਬਣਤਰ ਵਿਚ ਹੀ ਹੈ। ਰਾਜਿਆਂ-ਮਹਾਰਾਜਿਆਂ ਦੇ ਸਮੇਂ ਦੌਰਾਨ ਵੀ ਅਜਿਹੇ ਸੰਦੂਕ ਵਰਤੋਂ ਅਧੀਨ ਸਨ ਜੋ ਵਿਭਿੰਨ ਤਕਨੀਕਾਂ ਨਾਲ

ਤਿਆਰ ਕੀਤੇ ਜਾਂਦੇ ਸਨ। ਮੁਗ਼ਲ ਕਾਲ ਦੌਰਾਨ ਸੂਰਤ ਅਜਿਹੇ ਸੰਦੂਕਾਂ ਦੇ ਨਿਰਮਾਣ ਦਾ ਮੁੱਖ ਕੇਂਦਰ ਸੀ ਜਿੱਥੇ ਸਜਾਵਟ ਲਈ ਹਾਥੀ ਦੰਦ ਦੀ ਭਰਾਈ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਚਾਂਦੀ, ਮੋਤੀਆਂ ਦੀ ਸੀਪ ਆਦਿ ਨੂੰ ਵੀ ਸੰਦੂਕਾਂ ਦੀ ਸਜਾਵਟ ਲਈ ਵਰਤਿਆ ਜਾਂਦਾ ਸੀ। ਸੋ ਵਿਭਿੰਨ ਸਮਿਆਂ ਦੌਰਾਨ ਅਜਿਹੇ ਸੰਦੂਕਾਂ ਦੀ ਵਰਤੋਂ ਹੁੰਦੀ ਰਹੀ ਸੀ। ਜੋ ਮਨੁੱਖੀ ਜੀਵਨ ਵਿਚ ਸੰਦੂਕ ਦੀ ਸਾਰਥਿਕਤਾ ਦੀ ਗਵਾਹੀ ਭਰਦੇ ਹਨ। ਆਧੁਨਿਕ ਮੰਡੀਕਰਨ ਤੇ ਦਿਖਾਵੇ ਦੀ ਮਾਨਸਿਕਤਾ ਵਾਲੇ ਦੌਰ ਵਿਚ ਇਹਨਾਂ ਦੀ ਵਰਤੋਂ ਸਜਾਵਟੀ ਵਸਤ ਦੇ ਰੂਪ ਵਿਚ ਹੋ ਰਹੀ ਹੈ। ਇਹਨਾਂ ਸੰਦੂਕਾਂ ਦੀ ਬਾਹਰੀ ਦਿੱਖ ਵਿਚ ਕਾਫ਼ੀ ਬਦਲਾਅ ਆਇਆ ਹੈ। ਬਣਤਰ ਦਾ ਤਕਨੀਕੀ ਪੱਖ ਹੀ ਇਹਨਾਂ ਨੂੰ ਵਿਸ਼ੇਸ਼ ਵਸਤ ਬਣਾਉਂਦਾ ਹੈ।

## 2.2. ਖੜ੍ਹਵੇਂ ਆਕਾਰ ਦੇ ਸੰਦੂਕ :

ਕਾਰੀਗਰ ਵਰਗ ਦੁਆਰਾ ਬਣਾਏ ਅਜਿਹੇ ਸੰਦੂਕ ਖੜ੍ਹਵੇਂ ਆਕਾਰ ਦੇ ਹੁੰਦੇ ਹਨ ਜਿੰਨ੍ਹਾਂ ਦਾ ਸਮੁੱਚਾ ਢਾਂਚਾ ਪਾਵਿਆਂ, ਫੱਟੀਆਂ, ਲਰਾਂ ਆਦਿ ਨਾਲ ਤਿਆਰ ਕੀਤਾ ਜਾਂਦਾ ਹੈ। ਖੇਤਰੀ ਕਾਰਜ ਦੌਰਾਨ ਇਸ ਵੰਨਗੀ ਦੇ ਬਹੁਤ ਘੱਟ ਸੰਦੂਕ ਪ੍ਰਾਪਤ ਹੋਏ ਹਨ ਜਿੰਨ੍ਹਾਂ ਦੇ ਨਿਰਮਾਣ ਲਈ ਲੋਹੇ ਜਿਹੀ ਧਾਤ ਨੂੰ ਵਰਤਿਆ ਗਿਆ ਹੈ। ਵਧੇਰੇ ਸੰਦੂਕਾਂ ਨੂੰ ਬਣਾਉਣ ਲਈ ਲੱਕੜ ਦੀ ਵਰਤੋਂ ਹੀ ਕੀਤੀ ਗਈ ਹੈ। ਇਸ ਵੰਨਗੀ ਦੇ ਸੰਦੂਕ ਆਕਾਰ ਪੱਖੋਂ ਵੱਡੇ ਅਤੇ ਛੋਟੇ ਦੋਹਾਂ ਤਰ੍ਹਾਂ ਦੇ ਹੁੰਦੇ ਹਨ। ਇਹਨਾਂ ਦੀ ਉਚਾਈ ਛੇ ਫੁੱਟ ਤੋਂ ਲੈ ਕੇ ਅੱਠ ਫੁੱਟ ਤੱਕ ਹੁੰਦੀ ਹੈ। ਖੜ੍ਹਵੇਂ ਆਕਾਰ ਦੇ ਸੰਦੂਕ ਸਧਾਰਨ ਅਤੇ ਸਜਾਵਟੀ ਦਿੱਖ ਵਾਲੇ ਹੁੰਦੇ ਹਨ। ਕਾਰੀਗਰਾਂ ਦੁਆਰਾ ਵਿਭਿੰਨ ਸਜਾਵਟੀ ਜੁਗਤਾਂ ਦੀ ਵਰਤੋਂ ਕਰ ਇਹਨਾਂ ਨੂੰ ਕਲਾਤਮਕ ਦਿੱਖ ਪ੍ਰਦਾਨ ਕੀਤੀ ਜਾਂਦੀ ਹੈ। ਅਜਿਹਾ ਮਨੁੱਖੀ ਮਾਨਸਿਕਤਾ ਨੂੰ ਧਿਆਨ ਵਿਚ ਰੱਖਕੇ ਕੀਤਾ ਜਾਂਦਾ ਹੈ। ਸੰਦੂਕਾਂ ਦੇ ਸਿਰੇ ਉਪਰ ਪੱਟੀ ਲਗਾਈ ਜਾਂਦੀ ਹੈ। ਪੱਟੀ ਨੂੰ ਵੀ ਵੱਖਰੀਆਂ ਤਕਨੀਕਾਂ ਨਾਲ ਕਾਰੀਗਰਾਂ ਦੁਆਰਾ ਤਿਆਰ ਕੀਤਾ ਜਾਂਦਾ ਹੈ। ਅਜਿਹੀਆਂ ਜੁਗਤਾਂ ਜਾਂ ਤਕਨੀਕਾਂ ਸੰਦੂਕਾਂ ਨੂੰ ਆਕਰਸ਼ਕ ਤੇ ਖ਼ੂਬਸੂਰਤ ਬਣਾਉਂਦੀਆਂ ਹਨ। ਅਜਿਹੇ ਸੰਦੂਕਾਂ ਦੀ ਬਣਤਰ ਵਿਚ ਪਾਵੇ ਚੌਰਸ, ਗੋਲ

ਅਤੇ ਸਜਾਵਟੀ ਹੁੰਦੇ ਹਨ। ਸੰਦੂਕਾਂ ਦੀ ਸਜਾਵਟ ਲਈ ਕੋਕਿਆਂ, ਸ਼ੀਸ਼ਿਆਂ, ਪਿੱਤਲ ਦੀਆਂ ਪੱਤਰੀਆਂ ਆਦਿ ਨੂੰ ਵਰਤਿਆ ਜਾਂਦਾ ਹੈ। ਅਜਿਹਾ ਮਨੁੱਖੀ ਮਾਨਸਿਕਤਾ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। ਅਜਿਹੇ ਸੰਦੂਕਾਂ ਦੀ ਬਣਤਰ ਵਿਚ ਵਿਭਿੰਨਤਾ ਪਾਈ ਜਾਂਦੀ ਹੈ ਜਿਸਦੇ ਆਧਾਰ 'ਤੇ ਅੱਗੋਂ ਇਸਦੇ ਕਈ ਵਰਗ ਬਣਦੇ ਹਨ।

### 2.2.1. ਇਕ ਦਰਵਾਜ਼ੇ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ :

ਅਜਿਹੇ ਸੰਦੂਕਾਂ ਦੀ ਬਣਤਰ ਵਿਚ ਦਰਵਾਜ਼ੇ ਵਿਸ਼ੇਸ਼ ਮਹੱਤਵ ਰੱਖਦੇ ਹਨ। ਆਮ ਤੌਰ 'ਤੇ ਅਜਿਹੇ ਸੰਦੂਕਾਂ ਦੀ ਉੱਚਾਈ ਪੰਜ ਜਾਂ ਛੇ ਫੁੱਟ ਹੁੰਦੀ ਹੈ। ਇਸਦੀ ਬਣਤਰ ਵਿਚ ਤਿੰਨ ਜਾਂ ਚਾਰ ਲਰਾਂ, ਚਾਰ ਪਾਵੇ, ਦੋ ਡੰਡੇ ਅਤੇ ਅਨੇਕ ਫੱਟੀਆਂ ਲਗਾ ਕੇ ਸੰਦੂਕ ਤਿਆਰ ਕੀਤਾ ਜਾਂਦਾ ਹੈ। ਸੰਦੂਕ ਦੇ ਚਾਰੇ ਭਾਗਾਂ ਦੀ ਤਿਆਰੀ ਤੋਂ ਬਾਅਦ ਇਹਨਾਂ ਨੂੰ ਆਪਸ ਵਿਚ ਜੋੜ ਦਿੱਤਾ ਜਾਂਦਾ ਹੈ। ਇਸ ਤੋਂ ਉਪਰੰਤ ਹੇਠਲਾ ਤਲਾ ਤੇ ਉਪਰਲੀ ਛੱਤ ਲਗਾਈ ਜਾਂਦੀ ਹੈ। ਸੰਦੂਕ ਦੀ ਤਿਆਰੀ ਤੋਂ ਬਾਅਦ ਦਰਵਾਜ਼ਾ ਲਗਾਇਆ ਜਾਂਦਾ ਹੈ ਜਿਸਦੇ ਆਮ ਤੌਰ 'ਤੇ ਦੋ ਪੱਲੇ ਹੁੰਦੇ ਹਨ ਜੋ ਬਾਹਰ ਵੱਲ ਨੂੰ ਖੁੱਲ੍ਹਦੇ ਹਨ। ਕਈ ਵਾਰ ਕਾਰੀਗਰ ਦੁਆਰਾ ਦਰਵਾਜ਼ੇ ਦੇ ਦੋ ਪੱਲੇ ਦੀ ਥਾਂ ਵੱਡੇ ਆਕਾਰ ਦਾ ਇਕ ਪੱਲਾ ਹੀ ਲਗਾਇਆ ਜਾਂਦਾ ਹੈ। ਖੇਤਰੀ ਕਾਰਜ ਦੌਰਾਨ ਵੀ ਅਜਿਹੇ ਸੰਦੂਕ ਪ੍ਰਾਪਤ ਹੋਏ ਹਨ ਜਿੰਨ੍ਹਾਂ ਦੀ ਬਣਤਰ ਵਿਚਲੇ ਦਰਵਾਜ਼ੇ ਦਾ ਕੇਵਲ ਇਕ ਪੱਲਾ ਹੀ ਰੱਖਿਆ ਗਿਆ ਹੈ। ਇਕ ਦਰਵਾਜ਼ੇ ਵਾਲੇ ਖੜ੍ਹਵੇਂ ਆਕਾਰ ਦੇ ਸੰਦੂਕ ਦੀ ਬਣਤਰ ਵਿਚ ਦਰਵਾਜ਼ਾ ਵਿਚਕਾਰ, ਹੇਠਾਂ ਜਾਂ ਉਪਰ ਰੱਖਿਆ ਜਾਂਦਾ ਹੈ। ਖੇਤਰੀ ਕਾਰਜ ਦੌਰਾਨ ਮਿਲੇ ਅਜਿਹੇ ਸੰਦੂਕ ਜਿੰਨ੍ਹਾਂ ਦੀ ਬਣਤਰ ਵਿਚ ਦਰਵਾਜ਼ਾ ਉਪਰ ਰੱਖਿਆ ਗਿਆ ਹੈ, ਇਹਨਾਂ ਵਿਚੋਂ ਵਸਤਾਂ ਨੂੰ ਬਾਹਰ ਕੱਢਣ ਵਿਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿੰਨ੍ਹਾਂ ਸੰਦੂਕਾਂ ਦੀ ਬਣਤਰ ਵਿਚ ਹੇਠਲੇ ਭਾਗ ਵਿਚ ਦਰਵਾਜ਼ਾ ਲੱਗਾ ਹੁੰਦਾ ਹੈ, ਉਹਨਾਂ ਵਿਚ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਖਿੜਕੀਨੁਮਾ ਦਰਵਾਜ਼ੇ ਵਾਲੇ ਹਰ ਪ੍ਰਕਾਰ ਦੇ ਸੰਦੂਕ ਵਿਚ ਰੋਸ਼ਨੀ ਲੋੜੀਂਦੀ ਮਾਤਰਾ ਵਿਚ ਨਹੀਂ ਹੁੰਦੀ। ਸੁਰੱਖਿਆ ਦੇ ਨਜ਼ਰੀਏ ਤੋਂ ਅਜਿਹੇ ਸੰਦੂਕਾਂ ਨੂੰ ਕਿਸੇ ਸਮੇਂ ਤਰਜ਼ੀਹ

ਦਿੱਤੀ ਜਾਂਦੀ ਰਹੀ ਸੀ ਪਰ ਜਿਵੇਂ-ਜਿਵੇਂ ਮਨੁੱਖ ਦੀ ਜ਼ਿੰਦਗੀ ਵਿਚ ਵੱਧਦੀਆਂ ਲੋੜਾਂ ਅਨੁਸਾਰ ਵਸਤਾਂ ਦੀ ਬਹੁਤਾਤ ਹੁੰਦੀ ਗਈ ਤਿਵੇਂ ਹੀ ਸੰਦੂਕ ਦੀ ਵਰਤੋਂ ਦਾ ਮਹੱਤਵ ਵੀ ਵਧਿਆ। ਹੌਲੀ-ਹੌਲੀ ਖਿੜਕੀਨੁਮਾ ਦਰਵਾਜ਼ੇ ਦੀ ਥਾਂ ਵੱਡੇ ਆਕਾਰ ਦੇ ਦਰਵਾਜ਼ੇ ਬਣਾਏ ਜਾਣ ਲੱਗੇ ਤਾਂ ਜੋ ਵਸਤਾਂ ਦੀ ਸੰਭਾਲ ਵਿਚ ਕੋਈ ਮੁਸ਼ਕਲ ਨਾ ਆਵੇ। ਕਾਰੀਗਰਾਂ ਦੁਆਰਾ ਅਜਿਹੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਸੰਦੂਕ ਦੇ ਬਿਲਕੁਲ ਵਿਚਕਾਰ ਵੱਡੇ ਆਕਾਰ ਦੇ ਦਰਵਾਜ਼ੇ ਰੱਖਣ ਨੂੰ ਤਰਜ਼ੀਹ ਦਿੱਤੀ ਜਾਣ ਲੱਗੀ। ਅਜਿਹੇ ਸੰਦੂਕ ਵਿਚ ਦਰਵਾਜ਼ੇ ਨੂੰ ਖੋਲ੍ਹਣ ਲਈ ਕੁੰਡੀ ਲਗਾਈ ਜਾਂਦੀ ਹੈ ਜੋ ਸਧਾਰਨ ਜਾਂ ਫਿਰ ਸੰਗਲੀਨੁਮਾ ਹੁੰਦੀ ਹੈ। ਇਸ ਕੁੰਡੀ ਦੀ ਸਹਾਇਤਾ ਨਾਲ ਸੰਦੂਕ ਨੂੰ ਖੋਲ੍ਹਿਆ ਜਾਂਦਾ ਹੈ। ਦਰਵਾਜ਼ੇ ਦੇ ਉਪਰਲੇ ਪਾਸੇ ਅਕਸਰ ਲੱਕੜ ਤੋਂ ਬਣੀ ਹੋਈ ਚਿਟਕਣੀ ਲਗਾਈ ਜਾਂਦੀ ਹੈ ਜਿਸਦੀ ਸਹਾਇਤਾ ਨਾਲ ਦਰਵਾਜ਼ਾ ਬੰਦ ਕੀਤਾ ਜਾਂਦਾ ਹੈ। ਅਜਿਹੇ ਸੰਦੂਕ ਦੀ ਬਣਤਰ ਵਿਚ ਬਣੇ ਦਰਵਾਜ਼ੇ ਸਧਾਰਨ ਜਾਂ ਸਜਾਵਟੀ ਦਿੱਖ ਵਾਲੇ ਹੁੰਦੇ ਹਨ। ਕਈ ਵਾਰ ਕਾਰੀਗਰ ਵਰਗ ਦੁਆਰਾ ਜਿਉਮੈਟਰੀਕਲ ਆਕਾਰਾਂ, ਨਕਾਸ਼ੀ, ਚਿੱਤਰਕਾਰੀ ਆਦਿ ਰਾਹੀਂ ਦਰਵਾਜ਼ੇ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਜਾਂਦੀ ਹੈ। ਇਹਨਾਂ ਨੂੰ ਬਣਾਉਣ ਲਈ ਲੱਕੜ ਅਤੇ ਲੋਹੇ ਦੀ ਵਰਤੋਂ ਮੁੱਖ ਸਮੱਗਰੀ ਦੇ ਤੌਰ 'ਤੇ ਕੀਤੀ ਜਾਂਦੀ ਹੈ।

### 2.2.2. ਦੋ ਦਰਵਾਜ਼ਿਆਂ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ :

ਸੰਦੂਕ ਬਣਤਰ ਦੇ ਪੱਖੋਂ ਵੱਡ ਆਕਾਰੀ ਹੁੰਦਾ ਹੈ ਜਿਸ ਵਿਚ ਬਿਸਤਰੇ, ਕੱਪੜੇ, ਭਾਂਡੇ ਜਾਂ ਕੀਮਤੀ ਵਸਤਾਂ ਇਕੋ ਸਮੇਂ ਸਾਂਭੀਆਂ ਜਾ ਸਕਦੀਆਂ ਹਨ। ਸੰਦੂਕ ਦੀ ਵਰਤੋਂ ਨੂੰ ਵਧੇਰੇ ਸੌਖਿਆਂ ਕਰਨ ਲਈ ਇਸ ਵਿਚ ਇਕ ਦੀ ਥਾਂ ਦੋ ਦਰਵਾਜ਼ੇ ਲਗਾਏ ਜਾਣ ਲੱਗੇ ਤੇ ਲੋੜ ਅਨੁਸਾਰ ਸੰਦੂਕ ਦੇ ਅੰਦਰਲੇ ਹਿੱਸੇ ਨੂੰ ਵੀ ਖ਼ਾਨਿਆਂ ਵਿਚ ਵੰਡ ਦਿੱਤਾ ਗਿਆ। ਅਜਿਹੇ ਸੰਦੂਕਾਂ ਦੇ ਨਿਰਮਾਣ ਲਈ ਲੱਕੜ ਨੂੰ ਹੀ ਵਰਤਿਆ ਜਾਂਦਾ ਹੈ। ਇਹਨਾਂ ਦੀ ਉਚਾਈ ਛੇ, ਸੱਤ ਜਾਂ ਅੱਠ ਫੁੱਟ ਤੱਕ ਹੁੰਦੀ ਹੈ। ਪਿੰਡਾਂ ਵਿਚਲੇ ਘਰਾਂ ਦਾ ਆਕਾਰ ਵੱਡਾ ਹੋਣ ਕਾਰਨ ਇਹ ਸੰਦੂਕ ਆਸਾਨੀ ਨਾਲ ਕਮਰਿਆਂ ਵਿਚ ਰੱਖੇ ਜਾਂਦੇ

ਹਨ। ਅਜਿਹੇ ਸੰਦੂਕਾਂ ਵਿਚ ਵਧੇਰੇ ਵਸਤਾਂ ਸੰਭਾਲਣ ਦੀ ਸਮਰੱਥਾ ਹੁੰਦੀ ਹੈ। ਖੇਤਰੀ ਕਾਰਜ ਦੌਰਾਨ ਅਜਿਹੇ ਸੰਦੂਕ ਪ੍ਰਾਪਤ ਹੋਏ ਹਨ ਜਿੰਨ੍ਹਾਂ ਦੀ ਬਣਤਰ ਦੇ ਸਾਹਮਣੇ ਵਾਲੇ ਹਿੱਸੇ ਵਿਚ ਦੋ ਦਰਵਾਜ਼ਿਆਂ ਦੇ ਆਕਾਰ ਵਿਚ ਵੀ ਭਿੰਨਤਾ ਪਾਈ ਜਾਂਦੀ ਹੈ। ਵਧੇਰੇ ਸੰਦੂਕਾਂ ਦੀ ਬਣਤਰ ਦੇ ਉਪਰਲੇ ਹਿੱਸੇ ਵਿਚ ਆਕਾਰ ਪੱਖੋਂ ਛੋਟਾ ਦਰਵਾਜ਼ਾ ਲੱਗਾ ਹੁੰਦਾ ਹੈ ਅਤੇ ਹੇਠਲੇ ਹਿੱਸੇ ਵਿਚ ਆਕਾਰ ਪੱਖੋਂ ਵੱਡਾ ਦਰਵਾਜ਼ਾ। ਸੰਦੂਕ ਦੀ ਬਣਤਰ ਵਿਚ ਦੋ ਦਰਵਾਜ਼ੇ ਲਗਾਉਣ ਨਾਲ ਇਸਦੇ ਦੋ ਭਾਗ ਬਣਦੇ ਹਨ - ਇਕ ਉਪਰਲਾ ਅਤੇ ਦੂਜਾ ਹੇਠਲਾ। ਉਪਰਲੇ ਭਾਗ ਦਾ ਦਰਵਾਜ਼ਾ ਛੋਟਾ ਹੋਣ ਕਾਰਨ ਇਕ ਵਿਚ ਬਰਤਨ, ਕੱਪੜੇ ਜਿਹੀਆਂ ਆਮ ਵਰਤੋਂ ਦੀਆਂ ਛੋਟੀਆਂ ਵਸਤਾਂ ਆਦਿ ਰੱਖੀਆਂ ਜਾਂਦੀਆਂ ਹਨ। ਹੇਠਲੇ ਭਾਗ ਦਾ ਦਰਵਾਜ਼ਾ ਵੱਡੇ ਆਕਾਰ ਦਾ ਹੁੰਦਾ ਹੈ, ਇਸ ਲਈ ਇਸ ਵਿਚ ਰਜਾਈਆਂ, ਤਲਾਈਆਂ, ਦਰੀਆਂ, ਗਲੀਚੇ ਆਦਿ ਰੱਖੇ ਜਾਂਦੇ ਹਨ। ਅਜਿਹੇ ਸੰਦੂਕਾਂ ਵਿਚ ਵਧੇਰੇ ਵਸਤਾਂ ਸੰਭਾਲਣ ਦੀ ਸਮਰੱਥਾ ਹੁੰਦੀ ਹੈ। ਇਸ ਤੋਂ ਇਲਾਵਾ ਕਾਰੀਗਰਾਂ ਦੁਆਰਾ ਅਜਿਹੇ ਸੰਦੂਕ ਵੀ ਬਣਾਏ ਗਏ ਜਿੰਨ੍ਹਾਂ ਦੀ ਬਣਤਰ ਵਿਚ ਦਰਵਾਜ਼ੇ ਸਮਾਨ ਆਕਾਰ ਦੇ ਰੱਖੇ ਗਏ। ਅਜਿਹੇ ਸੰਦੂਕ ਵਿਚ ਉਪਰਲੇ ਤੇ ਹੇਠਲੇ ਭਾਗ ਨੂੰ ਸਮਾਨ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ। ਅਜਿਹੇ ਸੰਦੂਕ ਵਿਚ ਰੋਸ਼ਨੀ ਆਸਾਨੀ ਨਾਲ ਪ੍ਰਵੇਸ਼ ਕਰਦੀ ਹੈ ਜਿਸ ਕਾਰਨ ਇਹ ਸੰਦੂਕ ਵਿਭਿੰਨ ਪ੍ਰਕਾਰ ਦੀਆਂ ਵਸਤਾਂ ਦੀ ਸਾਂਭ ਲਈ ਵਧੇਰੇ ਉਪਯੋਗੀ ਹਨ। ਕਈ ਕਾਰੀਗਰਾਂ ਦੁਆਰਾ ਅਜਿਹੇ ਸੰਦੂਕਾਂ ਦੇ ਦਰਵਾਜ਼ਿਆਂ ਉਪਰ ਸ਼ਿੰਗਾਰ ਦਾ ਕੰਮ ਕੀਤਾ ਜਾਂਦਾ ਹੈ। ਸਜਾਵਟ ਲਈ ਪਿੱਤਲ, ਕੋਕੇ, ਸ਼ੀਸ਼ਿਆਂ ਆਦਿ ਦੀ ਜੜ੍ਹਤਕਾਰੀ ਇਹਨਾਂ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕਰਦੀ ਹੈ। ਆਧੁਨਿਕ ਸਮੇਂ ਵਿਚ ਅਜਿਹੇ ਸੰਦੂਕ ਬਣਾਈ ਅਧੀਨ ਨਹੀਂ ਹਨ ਪਰ ਘਰਾਂ ਵਿਚ ਇਹਨਾਂ ਦੀ ਵਰਤੋਂ ਬਹੁ-ਮੰਤਵੀ ਕਾਰਜਾਂ ਲਈ ਹੋ ਰਹੀ ਹੈ। ਅਜਿਹੇ ਸੰਦੂਕਾਂ ਦਾ ਪਰਿਵਰਤਿਤ ਰੂਪ ਆਧੁਨਿਕ ਸਮੇਂ ਵਿਚ ਲੱਕੜ ਦੀਆਂ ਬਣੀਆਂ ਅਲਮਾਰੀਆਂ ਦੇ ਰੂਪ ਵਿਚ ਮਿਲਦਾ ਹੈ।

### 2.2.3. ਚਾਰ ਦਰਵਾਜ਼ਿਆਂ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ :

ਇਹ ਸੰਦੂਕ ਦੀ ਵਿਲੱਖਣ ਵੰਨਗੀ ਹੈ ਜਿਸਦੀ ਬਣਤਰ ਵਿਚ ਚਾਰ ਦਰਵਾਜ਼ੇ ਲੱਗੇ ਹੋਏ ਹਨ। ਸੰਦੂਕ ਦੀ ਬਣਤਰ ਦੇ ਵਿਚਕਾਰ ਖੜ੍ਹਵੇਂ ਅਤੇ ਲੇਟਵੇਂ ਆਕਾਰ ਦੀਆਂ ਫੱਟੀਆਂ ਲਗਾ ਕੇ ਚਾਰ ਭਾਗ ਬਣਾਏ ਗਏ ਹਨ। ਹਰੇਕ ਭਾਗ ਦੇ ਬਾਹਰ ਇਕ ਦਰਵਾਜ਼ਾ ਲਗਾਇਆ ਗਿਆ ਹੈ। ਇਸ ਪ੍ਰਕਾਰ ਚਾਰ ਹਿੱਸਿਆਂ ਵਾਲੇ ਸੰਦੂਕ ਵਿਚ ਚਾਰ ਦਰਵਾਜ਼ੇ ਲਗਾਏ ਗਏ ਹਨ। ਕਾਰੀਗਰਾਂ ਦੁਆਰਾ ਇਕ ਜਾਂ ਦੋ ਦਰਵਾਜ਼ਿਆਂ ਵਾਲੇ ਸੰਦੂਕਾਂ ਵਿਚ ਵਸਤਾਂ ਰੱਖਣ ਲਈ ਆਉਂਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖ ਕੇ ਅਜਿਹੇ ਸੰਦੂਕ ਬਣਾਏ ਜਾਣ ਲੱਗੇ। ਇਸ ਵੰਨਗੀ ਦੇ ਸੰਦੂਕਾਂ ਵਿਚ ਦਰਵਾਜ਼ਿਆਂ ਦੀ ਬਣਤਰ ਕਾਰਨ ਇਹਨਾਂ ਨੂੰ ਵਰਤਣਾ ਆਸਾਨ ਹੁੰਦਾ ਹੈ। ਇਹਨਾਂ ਦੀ ਉਚਾਈ ਅਤੇ ਲੰਬਾਈ ਲਗਭਗ ਬਰਾਬਰ ਹੁੰਦੀ ਹੈ। ਇਸਦਾ ਸਮੁੱਚਾ ਢਾਂਚਾ ਪਾਵਿਆਂ ਸਮੇਤ ਤਿਆਰ ਕੀਤਾ ਗਿਆ ਹੈ। ਪੁਰਾਤਨ ਪੰਜਾਬ ਵਿਚ ਸੰਯੁਕਤ ਪਰਿਵਾਰ ਹੁੰਦੇ ਸਨ ਜਿੰਨ੍ਹਾਂ ਦੇ ਰਹਿਣ ਲਈ ਬਣਾਏ ਗਏ ਘਰ ਵੀ ਵਧੇਰੇ ਖੁੱਲ੍ਹੇ ਹੁੰਦੇ ਸਨ। ਇਹਨਾਂ ਘਰਾਂ ਵਿਚਲਿਆਂ ਕਮਰਿਆਂ ਵਿਚ ਅਜਿਹੇ ਸੰਦੂਕਾਂ ਨੂੰ ਰੱਖਣਾ ਆਸਾਨ ਹੁੰਦਾ ਸੀ ਪਰ ਆਧੁਨਿਕ ਸਮੇਂ ਦੇ ਘਰਾਂ ਵਿਚ ਅਜਿਹੇ ਸੰਦੂਕਾਂ ਨੂੰ ਰੱਖਣਾ ਮੁਸ਼ਕਲ ਹੈ। ਇਸ ਲਈ ਸੰਦੂਕ ਦੀ ਅਜਿਹੀ ਵੰਨਗੀ ਲਗਭਗ ਲੋਪ ਹੋ ਗਈ ਹੈ।

### 2.2.4. ਗੁਬੰਦ ਆਕਾਰੀ ਸਿਰੇ ਵਾਲਾ ਸੰਦੂਕ :

ਇਹ ਸੰਦੂਕ ਦਾ ਕਾਫ਼ੀ ਪੁਰਾਤਨ ਰੂਪ ਹੈ। ਆਮ ਸੰਦੂਕਾਂ ਦੇ ਸਿਰੇ ਸਧਾਰਨ ਅਤੇ ਸਮਤਲ ਹੁੰਦੇ ਹਨ ਪਰ ਇਸ ਸੰਦੂਕ ਦਾ ਸਿਰਾ ਗੁਬੰਦ ਆਕਾਰ ਦਾ ਬਣਿਆ ਹੋਇਆ ਹੈ। ਇਸਦੀ ਬਣਤਰ ਦੀ ਖ਼ੂਬਸੂਰਤੀ ਦਾ ਵਿਸ਼ੇਸ਼ ਪੱਖ ਇਸਦੇ ਸਿਰੇ ਦੀ ਬਣਾਵਟ ਕਾਰਨ ਹੈ ਜੋ ਆਮ ਸੰਦੂਕਾਂ ਨਾਲੋਂ ਵਿਲੱਖਣ ਤੇ ਵਿਸ਼ੇਸ਼ ਹੈ। ਇਸਦਾ ਢਾਂਚਾ ਆਮ ਸੰਦੂਕਾਂ ਵਾਂਗ ਪਾਵੇ, ਲਰਾਂ, ਡੰਡਿਆਂ ਤੇ ਫੱਟੀਆਂ ਨਾਲ ਤਿਆਰ ਕੀਤਾ ਜਾਂਦਾ ਹੈ। ਸਮੁੱਚੇ ਢਾਂਚੇ ਦੀ ਤਿਆਰੀ ਉਪਰੰਤ ਗੁਬੰਦ ਆਕਾਰੀ ਸਿਰਾ ਲਗਾਇਆ ਜਾਂਦਾ ਹੈ। ਇਸਨੂੰ ਲਗਾਉਣ ਲਈ ਲੋਹੇ ਦੇ ਪੱਤਰਿਆਂ, ਕਿੱਲਾਂ ਆਦਿ ਦੀ ਵਰਤੋਂ ਇਸਦੇ ਚਾਰੇ ਪਾਸੇ ਕੀਤੀ ਜਾਂਦੀ ਹੈ। ਗੁਬੰਦ ਆਕਾਰੀ ਸਿਰਾ ਲਗਾਉਣ ਨਾਲ ਸੰਦੂਕ ਦੇ ਦੋ ਭਾਗ

ਬਣਦੇ ਹਨ - ਇਕ ਉਪਰਲਾ ਅਤੇ ਦੂਸਰਾ ਹੇਠਲਾ। ਉਪਰਲੇ ਭਾਗ ਦਾ ਚੌਖਟਾ ਹੇਠਲੇ ਭਾਗ ਦੇ ਮੁਕਾਬਲੇ ਛੋਟਾ ਰੱਖਿਆ ਜਾਂਦਾ ਹੈ ਜਿਸ ਕਾਰਨ ਉਪਰਲੇ ਹਿੱਸੇ ਦਾ ਦਰਵਾਜ਼ਾ ਛੋਟਾ ਅਤੇ ਹੇਠਲੇ ਹਿੱਸੇ ਦਾ ਦਰਵਾਜ਼ਾ ਵੱਡਾ ਰੱਖਿਆ ਜਾਂਦਾ ਹੈ। ਉਪਰਲੇ ਭਾਗ ਵਿਚ ਨਿੱਤ ਵਰਤੋਂ ਦੀਅਂ ਛੋਟੀਆਂ ਵਸਤਾਂ ਰੱਖੀਆਂ ਜਾਂਦੀਆਂ ਹਨ। ਕਈ ਵਾਰ ਔਰਤਾਂ ਮਿੱਠੇ ਖਾਧ ਪਦਾਰਥ ਜਾਂ ਅਜਿਹੀਆਂ ਖਾਧ ਵਸਤਾਂ ਜਿੰਨ੍ਹਾਂ ਦੇ ਸਿੱਲਣ ਦਾ ਡਰ ਰਹਿੰਦਾ ਹੈ, ਨੂੰ ਸੰਦੂਕ ਵਿਚ ਰੱਖਦੀਆਂ ਹਨ।[15] ਕਾਰੀਗਰ ਦੁਆਰਾ ਸੰਦੂਕ ਦੀ ਬਾਹਰੀ ਦਿੱਖ ਨੂੰ ਖ਼ੂਬਸੂਰਤ ਬਣਾਉਣ ਲਈ ਚੌਰਸ ਡੱਬੀਆਂ ਦੇ ਡਿਜ਼ਾਇਨ ਬਣਾਏ ਗਏ ਹਨ। ਇਹ ਚੌਰਸ ਡੱਬੀਆਂ ਆਕਾਰ ਵਿਚ ਛੋਟੀਆਂ ਅਤੇ ਵਧੇਰੇ ਗਿਣਤੀ ਵਿਚ ਹਨ। ਸੰਦੂਕ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਕਿੱਲਾਂ ਅਤੇ ਲੋਹੇ ਦੇ ਪੱਤਰਿਆਂ ਦੀ ਵਰਤੋਂ ਸੰਦੂਕ ਦੇ ਚਾਰੇ ਪਾਸੇ ਕੀਤੀ ਗਈ ਹੈ। ਅਜਿਹੇ ਸੰਦੂਕ ਦੇ ਅੰਦਰ ਚੋਰ ਖ਼ਾਨਾ ਵੀ ਬਣਾਇਆ ਗਿਆ ਹੈ ਜੋ ਕੀਮਤੀ ਵਸਤਾਂ ਨੂੰ ਰੱਖਣ ਲਈ ਵਰਤਿਆ ਜਾਂਦਾ ਹੈ। ਸੰਦੂਕ ਦਾ ਸਮੁੱਚਾ ਢਾਂਚਾ ਟਾਹਲੀ ਦੀ ਲੱਕੜ ਤੋਂ ਤਿਆਰ ਕੀਤਾ ਗਿਆ ਹੈ। ਇਸਦੀ ਬਣਤਰ ਦੀ ਵਿਲੱਖਣਤਾ ਇਸਨੂੰ ਵਿਸ਼ੇਸ਼ ਬਣਾਉਂਦੀ ਹੈ। ਸੰਦੂਕ ਦੀ ਅਜਿਹੀ ਵੰਨਗੀ ਨੂੰ ਵਿਰਾਸਤੀ ਵਸਤ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਗਿਆ ਹੈ।

### 2.3. ਦਰਾਜਾਂ ਵਾਲੇ ਸੰਦੂਕ :

ਦਰਾਜਾਂ ਵਾਲੇ ਸੰਦੂਕ ਦੀ ਬਣਤਰ ਵਿਚ ਦਰਾਜ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹਨ ਜੋ ਵੱਡੇ ਅਤੇ ਛੋਟੇ ਦੋਹਾਂ ਆਕਾਰਾਂ ਵਿਚ ਮਿਲਦੇ ਹਨ। ਵਧੇਰੇ ਦਰਾਜਾਂ ਵਾਲੇ ਸੰਦੂਕਾਂ ਦੀ ਬਣਤਰ ਆਮ ਤੌਰ ’ਤੇ ਸਧਾਰਨ ਹੁੰਦੀ ਹੈ ਜੋ ਸਜਾਵਟ ਤੋਂ ਰਹਿਤ ਹੁੰਦੇ ਹਨ। ਅਜਿਹੇ ਸੰਦੂਕਾਂ ਦੇ ਸਿਰੇ ਉਪਰ ਪੱਟੀ ਨਹੀਂ ਲਗਾਈ ਜਾਂਦੀ। ਇਹ ਪਾਵਿਆਂ ਸਮੇਤ ਅਤੇ ਪਾਵਿਆਂ ਤੋਂ ਰਹਿਤ ਦੋਹਾਂ ਆਕਾਰਾਂ ਵਿਚ ਮਿਲਦੇ ਹਨ। ਵਿਭਿੰਨ ਪ੍ਰਕਾਰ ਦੀਆਂ ਵਸਤਾਂ ਨੂੰ ਰੱਖਣ ਲਈ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਦਰਾਜਾਂ ਦੀ ਲੋਕਪ੍ਰਿਅਤਾ ਕਾਰਨ ਮੇਜਾਂ, ਬੈਡਾਂ, ਅਲਮਾਰੀਆਂ ਆਦਿ ਵਿਚ ਵੀ ਦਰਾਜ ਬਣਾਏ ਜਾਂਦੇ ਹਨ। ਆਧੁਨਿਕ ਸਮੇਂ ਦੇ ਘਰਾਂ ਵਿਚ ਇਹਨਾਂ ਦੀ ਵਰਤੋਂ ਵਸਤਾਂ ਨੂੰ ਸੰਭਾਲਣ

ਲਈ ਅਤੇ ਸਜਾਵਟੀ ਵਸਤ ਦੇ ਰੂਪ ਵਿਚ ਕੀਤੀ ਜਾਂਦੀ ਹੈ। ਅਜਿਹੇ ਸੰਦੂਕ ਸਧਾਰਨ ਕਾਰੀਗਰ ਦੀ ਅਸਧਾਰਨ ਪ੍ਰਤਿਭਾ ਦੀ ਉੱਤਮ ਮਿਸਾਲ ਹਨ। ਬਣਤਰ ਦੇ ਪੱਖ ਤੋਂ ਇਸਦੇ ਦੋ ਵਰਗ ਬਣਦੇ ਹਨ :

### 2.3.1. ਖੜ੍ਹਵੇਂ ਆਕਾਰ ਦੇ ਦਰਾਜਾਂ ਵਾਲੇ ਸੰਦੂਕ :

ਇਸ ਵੰਨਗੀ ਦੇ ਸੰਦੂਕ ਆਕਾਰ ਵਿਚ ਖੜ੍ਹਵੇਂ ਹੁੰਦੇ ਹਨ, ਜਿੰਨ੍ਹਾਂ ਦੀ ਉਚਾਈ, ਲੰਬਾਈ ਦੇ ਮੁਕਾਬਲੇ ਘੱਟ ਜਾਂ ਉਚਾਈ ਤੇ ਲੰਬਾਈ ਬਰਾਬਰ ਹੁੰਦੀ ਹੈ। ਇਹਨਾਂ ਦੀ ਬਣਤਰ ਵਿਚ ਬਣੇ ਦਰਾਜ ਛੋਟੇ ਅਤੇ ਵੱਡੇ ਦੋਹਾਂ ਆਕਾਰਾਂ ਵਿਚ ਮਿਲਦੇ ਹਨ। ਆਮ ਤੌਰ 'ਤੇ ਦਰਾਜਾਂ ਦੀ ਗਿਣਤੀ ਛੇ ਜਾਂ ਸੱਤ ਹੁੰਦੀ ਹੈ ਜੋ ਅੰਦਰੋਂ ਡੂੰਘਾਈ ਵਿਚ ਹੁੰਦੇ ਹਨ।[16] ਇਹਨਾਂ ਦਰਾਜਾਂ ਦੇ ਬਾਹਰ ਹੈਂਡਲ ਜਾਂ ਗੋਲ ਆਕਾਰ ਦੇ ਲਾਟੂ ਕਾਬਲਿਆਂ ਦੀ ਸਹਾਇਤਾ ਨਾਲ ਲਗਾਏ ਜਾਂਦੇ ਹਨ ਜਿੰਨ੍ਹਾਂ ਦੀ ਸਹਾਇਤਾ ਨਾਲ ਦਰਾਜਾਂ ਨੂੰ ਖੋਲ੍ਹਿਆ ਜਾਂਦਾ ਹੈ। ਵਰਤੋਂ ਦੀਆਂ ਛੋਟੀਆਂ-ਮੋਟੀਆਂ ਵਸਤਾਂ ਨੂੰ ਇਹਨਾਂ ਵਿਚ ਰੱਖਿਆ ਜਾਂਦਾ ਹੈ। ਘਰਾਂ ਤੋਂ ਇਲਾਵਾ ਦੁਕਾਨਾਂ ਵਿਚ ਵੀ ਇਹਨਾਂ ਦੀ ਵਰਤੋਂ ਬਹੁ-ਮੰਤਵੀ ਕਾਰਜਾਂ ਲਈ ਕੀਤੀ ਜਾਂਦੀ ਹੈ। ਆਧੁਨਿਕ ਸਮੇਂ ਵਿਚ ਮਿਲਦੇ ਇਸ ਵੰਨਗੀ ਦੇ ਸੰਦੂਕਾਂ ਉਪਰ ਚਿੱਤਰਕਾਰੀ ਕੀਤੀ ਹੋਈ ਮਿਲਦੀ ਹੈ। ਆਧੁਨਿਕ ਸਮੇਂ ਵਿਚ ਵਰਤੇ ਜਾਂਦੇ ਡਰੈਸਿੰਗ ਟੇਬਲ ਦਾ ਹੇਠਲਾ ਭਾਗ ਵੀ ਇਹਨਾਂ ਸੰਦੂਕਾਂ ਵਰਗਾ ਹੀ ਹੁੰਦਾ ਹੈ। ਅਜਿਹੇ ਸੰਦੂਕ ਜਿੱਥੇ ਵਿਭਿੰਨ ਪ੍ਰਕਾਰ ਦੀਆਂ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦੇ ਹਨ ਉੱਥੇ ਸਜਾਵਟੀ ਵਸਤਾਂ ਜਿਵੇਂ ਫੁੱਲਾਂ ਆਦਿ ਨੂੰ ਰੱਖਣ ਲਈ, ਕੱਪੜੇ ਪ੍ਰੈਸ ਕਰਨ ਲਈ ਆਦਿ ਕਾਰਜਾਂ ਲਈ ਵੀ ਇਹਨਾਂ ਨੂੰ ਵਰਤਿਆ ਜਾਂਦਾ ਹੈ। ਦੂਸਰਾ ਅਜਿਹੇ ਸੰਦੂਕਾਂ ਦੀ ਬਣਤਰ ਆਧੁਨਿਕ ਸਮੇਂ ਦੇ ਘਰਾਂ ਦੇ ਅਨੁਸਾਰੀ ਹੈ, ਜਿਸ ਕਾਰਨ ਇਹਨਾਂ ਦੀ ਵਰਤੋਂ ਵਧੇਰੇ ਹੁੰਦੀ ਹੈ। ਦਫ਼ਤਰੀ ਕਾਰਜਾਂ ਲਈ ਵੀ ਅਜਿਹੇ ਸੰਦੂਕਾਂ ਨੂੰ ਵਰਤਿਆ ਜਾਂਦਾ ਹੈ। ਇਸ ਵੰਨਗੀ ਦੇ ਸੰਦੂਕਾਂ ਦੀ ਖ਼ਾਸੀਅਤ ਇਹਨਾਂ ਵਿਚਲੇ ਦਰਾਜਾਂ ਕਰਕੇ ਹੀ ਹੈ।

### 2.3.2. ਲੇਟਵੇਂ ਆਕਾਰ ਦੇ ਦਰਾਜਾਂ ਵਾਲੇ ਸੰਦੂਕ :

ਇਸ ਵੰਨਗੀ ਦੇ ਸੰਦੂਕ ਲੇਟਵੇਂ ਆਕਾਰ ਦੇ ਹੁੰਦੇ ਹਨ ਜਿੰਨ੍ਹਾਂ ਦੀ ਉਚਾਈ ਘੱਟ ਤੇ ਲੰਬਾਈ ਵਧੇਰੇ ਹੁੰਦੀ ਹੈ। ਅਜਿਹੇ ਸੰਦੂਕ ਪਾਵਿਆਂ ਤੋਂ ਰਹਿਤ ਹੁੰਦੇ ਹਨ ਅਤੇ ਦਰਾਜਾਂ ਦੀ ਗਿਣਤੀ ਬਾਰਾਂ ਜਾਂ ਇਸ ਤੋਂ ਵਧੇਰੇ ਹੁੰਦੀ ਹੈ। ਲੇਟਵੇਂ ਆਕਾਰ ਦੇ ਹੋਣ ਕਾਰਨ ਇਹਨਾਂ ਦੀ ਵਰਤੋਂ ਬੈਠਣ ਲਈ ਵੀ ਕੀਤੀ ਜਾਂਦੀ ਹੈ। ਘਰਾਂ ਤੋਂ ਇਲਾਵਾ ਵਰਕਸ਼ਾਪਾਂ, ਦੁਕਾਨਾਂ ਆਦਿ ਵਿਚ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਸੰਦੂਕਾਂ ਵਿਚਲੇ ਦਰਾਜ ਅੰਦਰੋਂ ਡੂੰਘੇ ਹੁੰਦੇ ਹਨ ਜਿੰਨ੍ਹਾਂ ਵਿਚ ਵਧੇਰੇ ਵਸਤਾਂ ਨੂੰ ਰੱਖਿਆ ਜਾ ਸਕਦਾ ਹੈ। ਦੂਸਰਾ ਦਰਾਜ ਵਧੇਰੇ ਹੋਣ ਕਾਰਨ ਵਧੇਰੇ ਵਸਤਾਂ ਨੂੰ ਰੱਖਣ ਦੀ ਸਮਰੱਥਾ ਅਜਿਹੇ ਸੰਦੂਕਾਂ ਵਿਚ ਹੁੰਦੀ ਹੈ। ਇਹਨਾਂ ਵਿਚੋਂ ਵਸਤਾਂ ਨੂੰ ਲੱਭਣਾ ਆਸਾਨ ਹੁੰਦਾ ਹੈ। ਇਸ ਵੰਨਗੀ ਦੇ ਸੰਦੂਕ ਸਧਾਰਨ ਕਾਰੀਗਰੀ ਦੀ ਮਿਸਾਲ ਹੁੰਦੇ ਹਨ ਜੋ ਬਹੁ-ਮੰਤਵੀ ਕਾਰਜਾਂ ਦੀ ਪੂਰਤੀ ਕਰਦੇ ਹਨ। ਆਧੁਨਿਕ ਸਮੇਂ ਵਿਚ ਅਜਿਹੇ ਸੰਦੂਕਾਂ ਦੀ ਵਰਤੋਂ ਹੋ ਰਹੀ ਹੈ।

### 2.4. ਪੇਟੀਨੁਮਾ ਸੰਦੂਕ :

ਪੇਟੀ ਤੇ ਸੰਦੂਕ ਦੋ ਸ਼ਬਦ ਅਜਿਹੀਆਂ ਵਸਤਾਂ ਲਈ ਵਰਤੇ ਜਾਂਦੇ ਹਨ ਜਿਹੜੀਆਂ ਸਾਂਭ-ਸੰਭਾਲ ਦੇ ਕੰਮ ਆਉਂਦੀਆਂ ਹਨ। ਪੇਟੀ ਸ਼ਬਦ ਉਸ ਵਸਤ ਲਈ ਵਰਤਿਆ ਜਾਂਦਾ ਹੈ ਜਿਸ ਦੀ ਲੰਬਾਈ, ਚੌੜਾਈ ਅਤੇ ਉਚਾਈ ਨਾਲੋਂ ਵਧੇਰੇ ਹੁੰਦੀ ਹੈ। ਲੱਕੜ ਤੋਂ ਬਣੀ ਅਜਿਹੀ ਬਣਤਰ ਵਾਲੀ ਵਸਤ ਜਿਸਦੇ ਸਾਹਮਣੇ ਵਾਲੇ ਹਿੱਸੇ ਵਿਚ ਦਰਵਾਜ਼ੇ ਲੱਗੇ ਹੁੰਦੇ ਹਨ, ਉਸਨੂੰ ਪੇਟੀਨੁਮਾ ਸੰਦੂਕ ਕਿਹਾ ਜਾਂਦਾ ਹੈ।[17] ਸਧਾਰਨ ਸੰਦੂਕਾਂ ਦੀ ਤਰ੍ਹਾਂ ਇਸ ਸੰਦੂਕ ਦਾ ਢਾਂਚਾ ਵੀ ਪਾਵਿਆਂ, ਲਰਾਂ, ਫੱਟੀਆਂ ਆਦਿ ਨਾਲ ਤਿਆਰ ਕੀਤਾ ਜਾਂਦਾ ਹੈ। ਸਧਾਰਨ ਪੇਟੀ ਵਿਚ ਵਸਤਾਂ ਸੰਭਾਲਣ ਲਈ ਕੇਵਲ ਇਕ ਭਾਗ ਹੀ ਹੁੰਦਾ ਹੈ ਪਰ ਪੇਟੀਨੁਮਾ ਸੰਦੂਕ ਦੀ ਬਣਤਰ ਵਿਚ ਦੋ ਭਾਗ ਹੁੰਦੇ ਹਨ - ਇਕ ਉਪਰਲਾ ਅਤੇ ਦੂਜਾ ਹੇਠਲਾ। ਇਸਦੇ ਦਰਵਾਜ਼ੇ ਵੀ ਵੱਡੇ ਆਕਾਰ ਦੇ ਹੁੰਦੇ ਹਨ ਜਿੰਨ੍ਹਾਂ ਨੂੰ ਸੰਦੂਕ ਦੀ ਬਣਤਰ ਵਿਚ ਸੱਜੇ ਅਤੇ ਖੱਬੇ ਪਾਸੇ ਲਗਾਇਆ ਗਿਆ ਹੈ। ਉਪਰਲੇ

ਅਤੇ ਹੇਠਲੇ ਭਾਗ ਦੀਆਂ ਵਸਤਾਂ ਨੂੰ ਬਾਹਰ ਕੱਢਣ ਲਈ ਇਕ ਦਰਵਾਜ਼ੇ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਸੰਦੂਕ ਦੇ ਨਿਰਮਾਣ ਲਈ ਵਧੇਰੇ ਲੱਕੜ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਕਿੱਕਰ ਅਤੇ ਟਾਹਲੀ ਦੀ ਲੱਕੜ ਨੂੰ ਵਿਸ਼ੇਸ਼ ਰੂਪ ਵਿਚ ਵਰਤਿਆ ਜਾਂਦਾ ਹੈ। ਕਾਰੀਗਰ ਦੁਆਰਾ ਸੰਦੂਕ ਦੀ ਸਜਾਵਟ ਲਈ ਚੌਰਸ ਡੱਬੀਆਂ ਦੇ ਡਿਜ਼ਾਇਨ ਬਣਾਏ ਗਏ ਹਨ। ਇਸ ਲਈ ਸੰਦੂਕ ਦੀ ਇਹ ਵੰਨਗੀ ਬਣਤਰ ਦੇ ਪੱਖ ਤੋਂ ਵਿਸ਼ੇਸ਼ ਹੈ। ਇਸਦੀ ਵਰਤੋਂ ਕੇਵਲ ਕੁਝ-ਕੁ ਘਰਾਂ ਵਿਚ ਹੋ ਰਹੀ ਹੈ। ਖੇਤਰੀ ਕਾਰਜ ਦੌਰਾਨ ਪ੍ਰਾਪਤ ਹੋਇਆ ਇਹ ਸੰਦੂਕ ਕਾਫ਼ੀ ਪੁਰਾਣਾ ਹੈ ਜਿਸਨੂੰ ਪੀੜ੍ਹੀਆਂ ਤੋਂ ਸੰਭਾਲ ਕੇ ਰੱਖਿਆ ਗਿਆ ਹੈ।

### 2.5. ਲੱਕੜ ਦੀ ਪੇਟੀ :

ਖੇਤਰੀ ਕਾਰਜ ਸਮੇਂ ਪ੍ਰਾਪਤ ਹੋਈ ਇਹ ਪੇਟੀ ਕਾਫ਼ੀ ਪੁਰਾਣੀ ਹੈ। ਇਸਨੂੰ ਬਣਾਉਣ ਲਈ ਟਾਹਲੀ ਦੀ ਲੱਕੜ ਨੂੰ ਵਿਸ਼ੇਸ਼ ਰੂਪ ਵਿਚ ਵਰਤਿਆ ਗਿਆ ਸੀ। ਪੇਟੀ ਉਪਰ ਕਿਸੇ ਪ੍ਰਕਾਰ ਦਾ ਰੰਗ-ਰੋਗਨ ਨਹੀਂ ਕੀਤਾ ਗਿਆ। ਇਸਨੂੰ ਬਣਾਉਣ ਲਈ ਪਾਵਿਆਂ, ਲਰਾਂ ਅਤੇ ਫੱਟੀਆਂ ਨੂੰ ਵਰਤਿਆ ਗਿਆ ਹੈ। ਪੇਟੀ ਵਿਚ ਵਿਭਿੰਨ ਵਸਤਾਂ ਨੂੰ ਰੱਖਣ ਲਈ ਕੇਵਲ ਇਕ ਭਾਗ ਬਣਿਆ ਹੋਇਆ ਹੈ ਜੋ ਵੱਡੇ ਆਕਾਰ ਦਾ ਹੈ। ਛੋਟੀਆਂ ਵਸਤਾਂ ਤੋਂ ਇਲਾਵਾ ਵੱਡੀਆਂ ਵਸਤਾਂ ਨੂੰ ਇਸ ਵਿਚ ਆਸਾਨੀ ਨਾਲ ਰੱਖਿਆ ਜਾ ਸਕਦਾ ਹੈ, ਜਿਵੇਂ ਕੱਪੜੇ, ਬਿਸਤਰੇ, ਬਰਤਨ ਆਦਿ। ਇਸਦੇ ਹੇਠਲੇ ਤਲੇ ਵਿਚ ਫੱਟੀਆਂ ਮੋਟੇ ਆਕਾਰ ਦੀਆਂ ਲਗਾਈਆਂ ਜਾਂਦੀਆਂ ਹਨ ਤਾਂ ਜੋ ਵਸਤਾਂ ਸਿੱਲ ਤੋਂ ਬਚੀਆਂ ਰਹਿ ਸਕਣ।[18] ਪੇਟੀ ਦੇ ਸਿਰੇ ਉਪਰ ਦਰਵਾਜ਼ਾ ਲੱਗਾ ਹੋਇਆ ਹੈ ਜੋ ਕੁੰਡਿਆਂ ਦੀ ਸਹਾਇਤਾ ਨਾਲ ਖੁੱਲ੍ਹਦਾ ਹੈ। ਇਸਦੀ ਬਣਤਰ ਵਿਚ ਦੋ ਜਾਂ ਤਿੰਨ ਕੁੰਡੇ ਲਗਾਏ ਜਾਂਦੇ ਹਨ ਜੋ ਕਾਫ਼ੀ ਮਜ਼ਬੂਤ ਹੁੰਦੇ ਹਨ। ਪੇਟੀ ਦਾ ਦਰਵਾਜ਼ਾ ਵੱਡਾ ਹੋਣ ਕਰਕੇ ਵਸਤਾਂ ਰੱਖਣ ਅਤੇ ਬਾਹਰ ਕੱਢਣ ਵਿਚ ਕੋਈ ਸਮੱਸਿਆ ਨਹੀਂ ਆਉਂਦੀ। ਇਸ ਵਿਚ ਵੱਧ ਤੋਂ ਵੱਧ ਵਸਤਾਂ ਰੱਖਣ ਦੀ ਸਮਰੱਥਾ ਹੁੰਦੀ ਹੈ। ਪੇਟੀ ਦੀ ਬਣਤਰ ਦੇ ਸੱਜੇ

ਅਤੇ ਖੱਬੇ ਪਾਸੇ ਹੈਂਡਲ ਵੀ ਲੱਗੇ ਹੋਏ ਹਨ ਜਿੰਨ੍ਹਾਂ ਦੀ ਸਹਾਇਤਾ ਨਾਲ ਇਸਨੂੰ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਕੀਤਾ ਜਾ ਸਕਦਾ ਹੈ। ਆਧੁਨਿਕ ਸਮੇਂ ਵਿਚ ਮਿਲਦੀਆਂ ਧਾਤਾਂ ਤੋਂ ਬਣੀਆਂ ਪੇਟੀਆਂ ਇਸਦਾ ਹੀ ਬਦਲਵਾਂ ਰੂਪ ਹੈ।

### 2.6. ਅਲਮਾਰਾ :

ਅਲਮਾਰਾ ਸੰਦੂਕ ਦੀ ਅਜਿਹੀ ਵੰਨਗੀ ਹੈ ਜਿਸਦੀ ਬਣਤਰ ਦਾ ਅਗਲਾ ਭਾਗ ਵੱਖਰੀ ਤਕਨੀਕ ਨਾਲ ਬਣਾਇਆ ਗਿਆ ਹੈ ਜਦ ਕਿ ਬਾਕੀ ਭਾਗ ਸਧਾਰਨ ਸੰਦੂਕ ਵਾਂਗ ਹੀ ਤਿਆਰ ਕੀਤੇ ਜਾਂਦੇ ਹਨ। ਇਸ ਦੀ ਵਿਲੱਖਣਤਾ ਦਰਵਾਜ਼ਿਆਂ ਦੇ ਆਕਾਰ ਕਰਕੇ ਹੈ। ਅਲਮਾਰੇ ਦੀ ਬਣਤਰ ਵਿਚ ਵੱਡੇ ਆਕਾਰ ਦੇ ਦੋ ਦਰਵਾਜ਼ੇ ਲੱਗੇ ਹੋਏ ਹਨ ਜਿੰਨ੍ਹਾਂ ਨਾਲ ਇਸਦੀ ਬਣਤਰ ਦਾ ਅਗਲਾ ਭਾਗ ਢੱਕਿਆ ਹੋਇਆ ਹੈ। ਦਰਵਾਜ਼ਿਆਂ ਦੇ ਬਾਹਰ ਕੁੰਡੇ ਅਤੇ ਵੱਡੇ ਆਕਾਰ ਦੇ ਲੋਹੇ ਤੋਂ ਬਣੇ ਹੈਂਡਲ ਲੱਗੇ ਹੋਏ ਹਨ ਜਿੰਨ੍ਹਾਂ ਦੀ ਸਹਾਇਤਾ ਨਾਲ ਦਰਵਾਜ਼ੇ ਖੁੱਲ੍ਹਦੇ ਹਨ। ਇਸ ਵਿਚ ਵਸਤਾਂ ਰੱਖਣ ਲਈ ਦੋ ਭਾਗ ਬਣੇ ਹੋਏ ਹਨ। ਵੱਡੇ ਦਰਵਾਜ਼ਿਆਂ ਕਾਰਨ ਇਹਨਾਂ ਵਿਚ ਵਸਤਾਂ ਰੱਖਣਾ ਆਸਾਨ ਹੁੰਦਾ ਹੈ। ਦੂਸਰਾ ਵਸਤਾਂ ਲੱਭਣ ਵਿਚ ਵੀ ਕੋਈ ਮੁਸ਼ਕਲ ਨਹੀਂ ਆਉਂਦੀ। ਅਜਿਹੇ ਕਾਰਨਾਂ ਕਰਕੇ ਇਹਨਾਂ ਦੀ ਵਰਤੋਂ ਵਧੇਰੇ ਘਰਾਂ ਵਿਚ ਹੋਣ ਲੱਗੀ। ਕਾਰੀਗਰ ਦੁਆਰਾ ਇਸਦੀ ਸਜਾਵਟ ਲਈ ਜਿਉਮੈਟਰੀਕਲ ਆਕਾਰਾਂ ਨੂੰ ਵਰਤਿਆ ਗਿਆ ਹੈ। ਇਸ ਦੇ ਸਿਰੇ ਉਪਰ ਬਣੀ ਪੱਟੀ ਵਿਚ ਫ਼ਰੇਮ ਬਣਾ ਕੇ ਵਿਭਿੰਨ ਚਿੱਤਰਾਂ ਵਿਸ਼ੇਸ਼ ਕਰਕੇ ਧਾਰਮਿਕ ਚਿੰਨ੍ਹਾਂ ਜਾਂ ਗੁਰੂਆਂ ਦੀਆਂ ਤਸਵੀਰਾਂ ਨੂੰ ਲਗਾਇਆ ਗਿਆ ਹੈ। ਅਲਮਾਰੇ ਦੀ ਬਣਤਰ ਵਿਚ ਲੱਗੇ ਪਾਵੇ ਚੌਰਸ ਆਕਾਰ ਦੇ ਹਨ। ਸੰਦੂਕ ਦੀ ਇਹ ਵੰਨਗੀ ਬਣਤਰ ਦੇ ਪੱਖ ਤੋਂ ਉੱਤਮ ਕਲਾ ਕ੍ਰਿਤ ਬਣਦੀ ਹੈ। ਅਜਿਹੀ ਵਿਲੱਖਤਾ ਕਾਰਨ ਅਜੋਕੇ ਸਮੇਂ ਵੀ ਇਹ ਘਰਾਂ ਦਾ ਸ਼ਿੰਗਾਰ ਬਣੇ ਹੋਏ ਹਨ।

## 3. ਬਾਹਰੀ ਸਜਾਵਟੀ ਦਿੱਖ ਦੇ ਆਧਾਰ 'ਤੇ :

ਤਰਖਾਣ ਸੰਦੂਕ ਦੀ ਸਜਾਵਟ ਲਈ ਕਈ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਕਰਦਾ ਹੈ ਜਿਸ ਵਿਚ ਕੋਕੇ, ਸ਼ੀਸ਼ੇ, ਪਿੱਤਲ ਦੀਆਂ ਫੁੱਲ ਪੱਤੀਆਂ, ਨਕਾਸ਼ੀ ਅਤੇ ਚਿੱਤਰਕਾਰੀ ਆਉਂਦੀਆਂ ਹਨ। ਇਹਨਾਂ ਦੀ ਸਹਾਇਤਾ ਨਾਲ ਸੰਦੂਕ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਨਾਲ ਸੰਦੂਕ ਉੱਤਮ ਕਲਾਤਮਕ ਵਸਤ ਵਜੋਂ ਪਛਾਣ ਬਣਾਉਂਦਾ ਹੈ। ਇਹਨਾਂ ਸਜਾਵਟੀ ਜੁਗਤਾਂ ਦਾ ਮੰਤਵ ਕੇਵਲ ਸੰਦੂਕ ਨੂੰ ਖ਼ੂਬਸੂਰਤੀ ਪ੍ਰਦਾਨ ਕਰਨਾ ਹੀ ਨਹੀਂ ਬਲਕਿ ਇਹਨਾਂ ਰਾਹੀਂ ਮਨੁੱਖੀ ਮਨ ਦੀਆਂ ਅਨੇਕ ਭਾਵਨਾਵਾਂ ਦੀ ਅਭਿਵਿਅਕਤੀ ਵੀ ਹੁੰਦੀ ਹੈ। ਇਹਨਾਂ ਦੀ ਵਰਤੋਂ ਤਰਖਾਣ ਸੁਚੇਤ ਅਤੇ ਅਚੇਤ ਦੋਹਾਂ ਪੱਧਰਾਂ ਉਪਰ ਕਰਦਾ ਹੈ। ''ਅਸਲ ਵਿਚ ਹਰ ਪ੍ਰਕਾਰ ਦੇ ਬਿੰਬ ਸਮੂਹਕ ਅਚੇਤਨ ਅੰਦਰ 'ਆਦਿਮ ਰੂਪਾਂ' ਦੀ ਸੂਰਤ ਵਿਚ ਪਏ ਹੁੰਦੇ ਹਨ। ਉਥੋਂ ਹੀ ਬਾਹਰ ਨਿਕਲ ਕੇ ਇਹ ਵੱਖ-ਵੱਖ ਰੂਪਾਂ ਵਿਚ ਅਭਿਵਿਅਕਤ ਹੁੰਦੇ ਹਨ। ਇਹ ਆਦਿਮ ਰੂਪ ਅਜਿਹੇ ਆਦਿਮ ਬਿੰਬ ਹੁੰਦੇ ਹਨ ਜਿਹੜੇ ਸਾਡੇ ਪਿੱਤਰਾਂ ਦੇ ਨਸਲੀ ਤਜ਼ਰਬੇ ਵਿਚ ਬਾਰ-ਬਾਰ ਵਰਤੇ ਜਾਣ ਕਾਰਨ ਸਾਡੇ ਉਸ ਮਾਨਸਿਕ ਵਿਰਸੇ ਦਾ ਅੰਗ ਬਣਦੇ ਹਨ ਜੋ ਸਾਡੇ ਦਿਮਾਗ ਦੀ ਬਣਤਰ ਦਾ ਅੰਗ ਹੈ। ਇਸੇ ਕਾਰਨ ਇਹ ਪੀੜ੍ਹੀ-ਦਰ-ਪੀੜ੍ਹੀ ਸੰਚਾਰਿਤ ਹੁੰਦੇ ਹਨ।''[19] ਅਜਿਹੀਆਂ ਜੁਗਤਾਂ ਤਰਖਾਣ ਦੀ ਮਾਨਸਿਕ ਅਤੇ ਬੌਧਿਕ ਸਮਰੱਥਾ ਦਾ ਪ੍ਰਗਟਾਵਾ ਹੁੰਦੀਆਂ ਹਨ। ਕਈ ਤਰਖਾਣ ਇਹਨਾਂ ਸਜਾਵਟੀ ਜੁਗਤਾਂ ਨੂੰ ਵਿਰਾਸਤੀ ਰੂਪ ਵਿਚ ਅਪਣਾਉਂਦੇ ਹਨ। ਉਹਨਾਂ ਨੂੰ ਇਹਨਾਂ ਜੁਗਤਾਂ ਪਿੱਛੇ ਕਾਰਜਸ਼ੀਲ ਮਾਨਸਿਕਤਾ ਦਾ ਬੋਧ ਨਹੀਂ ਹੁੰਦਾ।

### 3.1. ਜਿਉਮੈਟਰੀਕਲ ਆਕਾਰ :

ਸੰਦੂਕ ਦੀ ਸਜਾਵਟ ਵਿਚ ਤਰਖਾਣ ਜਿਉਮੈਟਰੀਕਲ ਆਕਾਰਾਂ ਨੂੰ ਵਿਸ਼ੇਸ਼ ਰੂਪ ਵਿਚ ਸਿਰਜਦਾ ਹੈ। ਇਹ ਆਕਾਰ ਸੰਦੂਕ ਦੇ ਸਾਹਮਣੇ ਵਾਲੇ ਹਿੱਸੇ 'ਤੇ ਉਲੀਕੇ ਜਾਂਦੇ ਹਨ। ਇਸ ਵਿਚ ਵਰਗ, ਗੋਲ ਚੱਕਰ, ਸਿੱਧੀਆਂ ਰੇਖਾਵਾਂ, ਤਿਰਛੀਆਂ ਰੇਖਾਵਾਂ ਦੇ ਸੁਮੇਲ ਨਾਲ ਬਣੇ ਜਾਲ, ਤਿਕੋਣ ਆਦਿ ਆਉਂਦੇ ਹਨ। ਅਜਿਹੇ ਜਿਉਮੈਟਰੀਕਲ ਆਕਾਰ ਆਦਿ ਕਾਲ ਤੋਂ ਹੀ ਮਨੁੱਖੀ ਮਾਨਸਿਕਤਾ ਦਾ ਅੰਗ ਰਹੇ ਹਨ। ਆਦਿ ਮਾਨਵ

ਭਾਵਾਂ ਦੇ ਸੰਚਾਰ ਲਈ ਇਹਨਾਂ ਨੂੰ ਵਰਤਦਾ ਰਿਹਾ ਸੀ। ਪੰਜਾਬ ਦੀ ਲੋਕ ਕਲਾ ਵਿਚ ਸ਼ਾਇਦ ਹੀ ਕੋਈ ਵੰਨਗੀ ਅਜਿਹੀ ਹੋਵੇਗੀ ਜਿਸ ਵਿਚ ਇਹਨਾਂ ਜਿਉਮੈਟਰੀਕਲ ਆਕਾਰਾਂ ਨੂੰ ਨਾ ਉਲੀਕਿਆ ਗਿਆ ਹੋਵੇ। ਇਹ ਆਕਾਰ ਪੰਜਾਬੀ ਲੋਕ ਕਲਾ ਵਿਚ ਰਮੇ ਹੋਏ ਹਨ। ਇਹਨਾ ਪਿੱਛੇ ਜਿੱਥੇ ਮਨੁੱਖ ਦਾ ਸੁਚੇਤ ਮਨ ਕਾਰਜਸ਼ੀਲ ਹੁੰਦਾ ਹੈ ਉੱਥੇ ਅਣਦਿਸਦੇ ਰੂਪ ਵਿਚ ਅਚੇਤਨ ਵੀ ਆਪਣੀ ਅਹਿਮ ਭੂਮਿਕਾ ਨਿਭਾ ਰਿਹਾ ਹੁੰਦਾ ਹੈ ਜਿਸ ਕਾਰਨ ਇਹ ਆਕਾਰ ਪ੍ਰਤੀਕਾਤਮਿਕ ਅਰਥ ਗ੍ਰਹਿਣ ਕਰਦੇ ਹਨ। ਜਿਉਮੈਟਰੀਕਲ ਆਕਾਰ ਵਿੰਗੀਆਂ-ਟੇਢੀਆਂ ਰੇਖਾਵਾਂ ਹੀ ਨਹੀਂ ਬਲਕਿ ਪਲ-ਪਲ ਬਦਲਦੀ ਮਨੁੱਖੀ ਮਾਨਸਿਕਤਾ ਦੀ ਪੇਸ਼ਕਾਰੀ ਵੀ ਹਨ। ਪਹਿਲੇ ਮਨੁੱਖ ਦਾ ਜੀਵਨ ਏਨਾ ਗੁੰਝਲਦਾਰ ਨਹੀਂ ਸੀ ਅਤੇ ਲੋੜਾਂ ਵੀ ਸੀਮਿਤ ਸਨ। ਹੌਲੀ-ਹੌਲੀ ਸਮੇਂ ਦੇ ਵਿਕਾਸ ਨਾਲ ਮਨੁੱਖ ਦਾ ਜੀਵਨ ਵਧੇਰੇ ਗੁੰਝਲਦਾਰ ਹੁੰਦਾ ਗਿਆ, ਲੋੜਾਂ ਦਾ ਘੇਰਾ ਵੀ ਵਿਸਤ੍ਰਿਤ ਰੂਪ ਅਖ਼ਤਿਆਰ ਕਰ ਗਿਆ। ਤਰਖਾਣ ਦੁਆਰਾ ਸੰਦੂਕ ਉਪਰ ਟੇਢੀਆਂ ਰੇਖਾਵਾਂ ਦੇ ਸੁਮੇਲ ਨਾਲ ਉਲੀਕਿਆ ਜਾਲ ਅਜਿਹੀਆਂ ਭਾਵਨਾਵਾਂ ਦੀ ਪੇਸ਼ਕਾਰੀ ਹੀ ਹੈ। ਗੋਲ ਚੱਕਰ, ਜੀਵਨ ਵਿਧੀ, ਦਿਨ-ਰਾਤ, ਦੁੱਖ-ਸੁੱਖ ਅਸੀਮਿਤ ਲੋੜਾਂ ਆਦਿ ਦਾ ਪ੍ਰਤੀਕ ਬਣਦਾ ਹੈ। ਤਰਖਾਣ ਦੁਆਰਾ ਬਣਾਇਆ ਵਰਗ ਕੇਵਲ ਰੇਖਾਵਾਂ ਦੇ ਸੁਮੇਲ ਨਾਲ ਬਣਿਆ ਆਕਾਰ ਹੀ ਨਹੀਂ ਬਲਕਿ ਚਾਰ ਦਿਸ਼ਾਵਾਂ, ਸਮਾਜਿਕ ਦਾਇਰੇ, ਸਭਿਆਚਾਰਕ ਬੰਧਨ ਆਦਿ ਦਾ ਪ੍ਰਤੀਕ ਬਣਦਾ ਹੈ। ਇਸੇ ਤਰ੍ਹਾਂ ਸੰਦੂਕ ਉਪਰ ਉਲੀਕਿਆ ਤਿਕੋਣ ਵੀ ਕਈ ਅਰਥਾਂ ਨੂੰ ਸੰਚਾਰਿਤ ਕਰਦਾ ਹੈ। ''ਚੰਨਣ ਸਿੰਘ ਚੰਨ ਦਾ ਵਿਚਾਰ ਹੈ ਕਿ ਆਦਮ ਕਾਲ ਦੇ ਮਨੁੱਖ ਲਈ ਤਿਕੋਣ ਸਵੈ-ਰੱਖਿਆ, ਭੋਜਨ ਅਤੇ ਕੁਦਰਤੀ ਸ਼ਕਤੀਆਂ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਆਰੀਆ ਲੋਕ ਤਿਕੋਣ ਨੂੰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੇ ਗਹਿਨ ਅਰਥਾਂ ਵਿਚ ਲੈਂਦੇ ਹਨ।''[20] ਅਧਿਆਤਮਕ ਜਗਤ ਵਿਚ ਤਿਕੋਣ ਧਰਮ, ਆਕਾਸ਼ ਅਤੇ ਪਾਤਾਲ ਦਾ ਰੂਪ ਹੈ।[21] ਇਸ ਪ੍ਰਕਾਰ ਤਿਕੋਣ ਨੂੰ ਵਿਭਿੰਨ ਅਰਥਾਂ ਵਿਚ ਲਿਆ ਗਿਆ ਹੈ। ਇਹਨਾਂ ਰੇਖਾਵਾਂ ਦੀ ਆਪਣੀ ਵੱਖਰੀ ਭਾਸ਼ਾ ਹੈ ਜੋ ਮਨੁੱਖੀ ਮਾਨਸਿਕਤਾ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਤਰ੍ਹਾਂ ਸਿੱਧੀਆਂ ਅਤੇ ਲੇਟਵੀਆਂ ਰੇਖਾਵਾਂ ਸਥਿਰਤਾ ਅਤੇ ਸ਼ਾਂਤੀ

ਦੀਆਂ ਪ੍ਰਤੀਕ ਮੰਨੀਆਂ ਜਾਂਦੀਆਂ ਹਨ। ਇਸ ਪ੍ਰਕਾਰ ਇਹ ਜਿਉਮੈਟਰੀਕਲ ਆਕਾਰ ਪ੍ਰਤੀਕਾਤਮਿਕ ਅਰਥਾਂ ਵਿਚ ਡੂੰਘੇ ਭਾਵਾਂ ਦਾ ਸੰਚਾਰ ਮਾਧਿਅਮ ਬਣਦੇ ਹਨ। ਤਰਖਾਣ ਆਪਣੀ ਕਾਰੀਗਰੀ ਰਾਹੀਂ ਇਹਨਾਂ ਨੂੰ ਸੰਦੂਕ ਉਪਰ ਉਲੀਕਦਾ ਹੈ ਜੋ ਸੰਦੂਕ ਨੂੰ ਸੁੰਦਰਤਾ ਪ੍ਰਦਾਨ ਕਰਦੇ ਹਨ। ਅਜਿਹੀਆਂ ਕਲਾ ਕ੍ਰਿਤਾਂ ਜੋ ਉਪਯੋਗੀ ਹੋਣ ਦੇ ਨਾਲ-ਨਾਲ ਮਨੁੱਖੀ ਮਾਨਸਿਕਤਾ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ, ਉਹ ਸਦਾ ਲਈ ਮਨੁੱਖੀ ਮਨ ਵਿਚ ਘਰ ਕਰ ਜਾਂਦੀਆਂ ਹਨ। ਖੇਤਰੀ ਕਾਰਜ ਦੌਰਾਨ ਵਿਭਿੰਨ ਪ੍ਰਕਾਰ ਦੇ ਸੰਦੂਕ ਮਿਲੇ ਹਨ ਜਿੰਨ੍ਹਾਂ ਉਪਰ ਕਾਰੀਗਰਾਂ ਦੁਆਰਾ ਜਿਉਮੈਟਰੀਕਲ ਅਕਾਰਾਂ ਨੂੰ ਵਿਭਿੰਨ ਸੰਦਰਭਾਂ ਵਿਚ ਉਲੀਕਿਆ ਗਿਆ ਹੈ।

### 3.2. ਕੋਕੇ :

ਲੱਕੜ ਦੇ ਸੰਦੂਕ ਉਪਰ ਪਿੱਤਲ ਦੇ ਕੋਕੇ ਇਸਨੂੰ ਨਿਵੇਕਲੀ ਨੁਹਾਰ ਪ੍ਰਦਾਨ ਕਰਦੇ ਹਨ। ਇਹਨਾਂ ਦੀ ਜੜ੍ਹਤਕਾਰੀ ਸੰਦੂਕ ਦੇ ਸੁਹਜ ਵਿਚ ਵਾਧਾ ਕਰਦੀ ਹੈ। ਇਹ ਕੋਕੇ ਪਿੱਤਲ ਦੇ ਬਣੇ ਹੁੰਦੇ ਹਨ। ਪਿੱਤਲ ਅਜਿਹੀ ਧਾਤ ਹੈ ਜਿਸਨੂੰ ਵਧੀਆ ਅਤੇ ਸ਼ੁੱਭ ਮੰਨਿਆ ਜਾਂਦਾ ਹੈ, ਇਸ ਲਈ ਲੜਕੀ ਦੇ ਵਿਆਹ ਸਮੇਂ ਦਾਜ ਵਿਚ ਦਿੱਤੇ ਜਾਂਦੇ ਬਰਤਨਾਂ ਵਿਚ ਪਿੱਤਲ ਦੇ ਬਰਤਨ ਜ਼ਰੂਰ ਰੱਖੇ ਜਾਂਦੇ ਹਨ। ਘਰਾਂ ਵਿਚ ਵੀ ਪਿੱਤਲ ਰੱਖਣਾ ਸ਼ੁੱਭ ਮੰਨਿਆ ਜਾਂਦਾ ਹੈ।[22] ਪਿੱਤਲ ਚਮਕੀਲੀ ਧਾਤ ਹੋਣ ਕਰਕੇ ਲੱਕੜ ਦੇ ਸੰਦੂਕ ਦੇ ਉਪਰ ਸਜਾਵਟ ਲਈ ਵਰਤੀ ਜਾਂਦੀ ਹੈ। ਪਿੱਤਲ ਦੇ ਕੋਕੇ ਵੱਡੇ, ਛੋਟੇ, ਟੋਪੀਨੁਮਾ, ਫੁੱਲ ਦੇ ਆਕਾਰ ਦੇ ਹੁੰਦੇ ਹਨ।[23] ਇਹਨਾਂ ਦੀ ਵਰਤੋਂ ਸੰਦੂਕ ਦੇ ਸਾਹਮਣੇ ਵਾਲੇ ਭਾਗ/ਹਿੱਸੇ ਉੱਪਰ ਕੀਤੀ ਜਾਂਦੀ ਹੈ। ਕਈ ਸੰਦੂਕਾਂ ਉਪਰ ਬਣੇ ਡੱਬੀਦਾਰ ਡਿਜ਼ਾਇਨਾਂ ਦੇ ਵਿਚਕਾਰ ਵੱਡੇ ਆਕਾਰ ਦੇ ਕੋਕੇ ਲਗਾਏ ਜਾਂਦੇ ਹਨ ਅਤੇ ਕਈ ਸੰਦੂਕਾਂ ਉਪਰ ਛੋਟੇ ਆਕਾਰ ਦੇ, ਜੇਕਰ ਚੌਰਸ ਡੱਬੀ ਲੰਬਾਈ ਵਿਚ ਵਧੇਰੇ ਹੋਵੇ ਤਾਂ ਦੋ ਕੋਕਿਆਂ ਦੀ ਵਰਤੋਂ ਕਰ ਲਈ ਜਾਂਦੀ ਹੈ। ਸੰਦੂਕਾਂ ਵਿਚ ਚੌਰਸ ਡੱਬੀ ਦੇ ਵਿਚਕਾਰ ਫੁੱਲਨੁਮਾ ਕੋਕੇ ਅਤੇ ਟੋਪੀਨੁਮਾ ਕੋਕੇ ਵੀ ਵਰਤੇ ਜਾਂਦੇ ਹਨ। ਆਮ ਤੌਰ 'ਤੇ ਸੰਦੂਕਾਂ ਉਪਰ ਨਿੱਕੇ ਆਕਾਰ ਦੇ ਕੋਕੇ ਵਧੇਰੇ ਮਾਤਰਾ ਵਿਚ ਲਗਾਏ ਜਾਂਦੇ ਹਨ। ਛੋਟੇ ਆਕਾਰ

ਦੇ ਕੋਕੇ ਚੌਰਸ ਡੱਬੀਆਂ ਦੇ ਚਾਰੇ ਪਾਸੇ, ਵੱਡੇ ਕੋਕੇ ਦੇ ਵਿਚਕਾਰ, ਪਿੱਤਲ ਦੀਆਂ ਪੱਤਰੀਆਂ ਉਪਰ, ਪੱਟੀ ਉਪਰ, ਪਾਵਿਆਂ ਉਪਰ ਲਗਾਏ ਜਾਂਦੇ ਹਨ। ਸੰਦੂਕ ਉਪਰ ਇਹਨਾਂ ਦੀ ਵਰਤੋਂ ਨਾਲ ਕਈ ਵਾਰ ਪੰਛੀ, ਫੁੱਲ ਆਦਿ ਦੀਆਂ ਆਕ੍ਰਿਤੀਆਂ ਵੀ ਬਣਾਈਆਂ ਜਾਂਦੀਆਂ ਹਨ। ਕਈ ਸੰਦੂਕਾਂ ਦੀ ਸਜਾਵਟ ਵਿਚ ਪਾਵਿਆਂ ਉਪਰ ਵੀ ਛੋਟੇ ਆਕਾਰ ਦੇ ਕੋਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਕੋਕੇ ਪਿੱਤਲ ਦੇ ਬਣੇ ਹੋਣ ਕਰਕੇ ਚਮਕਦਾਰ ਹੁੰਦੇ ਹਨ ਜੋ ਸੰਦੂਕ ਨੂੰ ਸੁੰਦਰ ਬਣਾਉਂਦੇ ਹਨ। ਖੇਤਰੀ ਕਾਰਜ ਦੌਰਾਨ ਪ੍ਰਾਪਤ ਹੋਏ ਸੰਦੂਕਾਂ ਵਿਚ ਬਹੁਤੇ ਸੰਦੂਕ ਅਜਿਹੇ ਹਨ ਜਿੰਨ੍ਹਾਂ ਉਪਰ ਕੋਕਿਆਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਪ੍ਰੋ. ਮਨਜੀਤ ਸਿੰਘ ਅਨੁਸਾਰ :

> ਮਾਲਵੇ ਦੇ ਪਿੰਡਾਂ ਵਿਚ ਜਿਥੇ ਹਨੇਰੀਆਂ ਜਿਆਦਾ ਆਉਂਦੀਆਂ ਉਥੇ ਰੇਤਾਂ ਉੱਡ ਕੇ ਇਨ੍ਹਾਂ ਕੋਕਿਆਂ ਨੂੰ ਹੋਰ ਚਮਕਾ ਦਿੰਦੀ ਹੈ।[24]

ਇਹਨਾਂ ਪਿੱਤਲ ਦੇ ਕੋਕਿਆਂ ਦੀ ਚਮਕ ਕਈ ਵਾਰ ਫਿੱਕੀ ਪੈ ਜਾਂਦੀ ਹੈ ਅਤੇ ਕਈ ਵਾਰ ਇਹ ਕਾਲੇ ਵੀ ਹੋ ਜਾਂਦੇ ਹਨ। ਇਸ ਲਈ ਪੇਂਡੂ ਸੁਆਣੀਆਂ ਇਹਨਾਂ ਨੂੰ ਚਮਕਾਉਣ ਲਈ ਖੱਟੀ ਲੱਸੀ ਅਤੇ ਰੇਤ ਦੀ ਵਰਤੋਂ ਕਰਦੀਆਂ ਹਨ ਜਿੰਨ੍ਹਾਂ ਨਾਲ ਇਹ ਕੋਕੇ ਫਿਰ ਤੋਂ ਚਮਕਦਾਰ ਬਣ ਜਾਂਦੇ ਹਨ।

### 3.3. ਪਿੱਤਲ ਦੀਆਂ ਪੱਤਰੀਆਂ :

ਸੰਦੂਕ ਨੂੰ ਕਲਾਤਮਕ ਵਸਤ ਬਣਾਉਣ ਲਈ ਪਿੱਤਲ ਦੀਆਂ ਪੱਤਰੀਆਂ ਨੂੰ ਵੀ ਵਿਭਿੰਨ ਅਕਾਰਾਂ ਵਿਚ ਵਰਤਿਆ ਜਾਂਦਾ ਹੈ। ਕਾਰੀਗਰ ਪਿੱਤਲ ਨੂੰ ਵਿਭਿੰਨ ਆਕਾਰਾਂ ਵਿਚ ਕੱਟ ਕੇ ਸੰਦੂਕ ਉਪਰ ਸਜਾਵਟ ਲਈ ਵਰਤਦਾ ਹੈ। ਸੰਦੂਕ ਦੀ ਬਣਤਰ ਵਿਚ ਬਣੀਆਂ ਚੌਰਸ ਡੱਬੀਆਂ ਦੇ ਚਾਰੇ ਪਾਸੇ ਪਿੱਤਲ ਦੀਆਂ ਪੱਤਰੀਆਂ ਦੇ ਕਰਾਸ ਬਣਾਏ ਜਾਂਦੇ ਹਨ। ਕਈ ਵਾਰ ਪਿੱਤਲ ਨੂੰ ਵਿਭਿੰਨ ਆਕਾਰਾਂ ਵਿਚ ਕੱਟ ਕੇ ਉਪਰਲੀ ਪੱਟੀ ਵਿਚ ਵਰਤਿਆ ਜਾਂਦਾ ਹੈ। ਖੇਤਰੀ ਕਾਰਜ ਦੌਰਾਨ ਕਈ ਅਜਿਹੇ ਸੰਦੂਕ ਵੀ ਮਿਲੇ ਹਨ ਜਿੰਨ੍ਹਾਂ ਦੇ ਪਾਵਿਆਂ ਉਪਰ ਵੀ ਪਿੱਤਲ ਦੀਆਂ ਪੱਤਰੀਆਂ ਨੂੰ ਲਗਾਇਆ ਗਿਆ ਹੈ। ਕਈ ਵਾਰ ਕਾਰੀਗਰਾਂ ਦੁਆਰਾ ਸੰਦੂਕ ਦੀ ਸਜਾਵਟ ਲਈ ਪਿੱਤਲ ਦੇ ਬਣੇ ਫੁੱਲ ਵੀ

ਵਰਤੇ ਜਾਂਦੇ ਹਨ ਜੋ ਇਸਨੂੰ ਖ਼ੂਬਸੂਰਤ ਬਣਾਉਂਦੇ ਹਨ। ਅਜਿਹੀਆਂ ਜੁਗਤਾਂ ਸਜਾਵਟ ਦਾ ਸਾਧਨ ਨਾ ਰਹਿ ਕੇ ਮਨੁੱਖੀ ਮਾਨਸਿਕਤਾ ਵਿਚ ਪਈਆਂ ਅਨੇਕ ਭਾਵਨਾਵਾਂ ਦੇ ਪ੍ਰਗਟਾਵੇ ਦਾ ਮਾਧਿਅਮ ਬਣਦੀਆ ਹਨ। ਜਦੋਂ ਪਿੱਤਲ ਦਾ ਬਣਿਆ ਫੁੱਲ ਚੌਰਸ ਡੱਬੀ ਦੇ ਵਿਚਕਾਰ ਲਗਾਇਆ ਜਾਂਦਾ ਹੈ ਤਾਂ ਇਹ ਖੁਸ਼ੀਆਂ, ਖੇੜਿਆਂ ਨੂੰ ਦਾਇਰੇ ਵਿਚ ਰਹਿ ਕੇ ਮਾਨਣ ਦਾ ਪ੍ਰਤੀਕ ਬਣਦਾ ਹੈ। ਇਸ ਤੋਂ ਇਲਾਵਾ ਇਹ ਫੁੱਲ ਸੰਦੂਕ ਉਪਰ ਲੱਗੀ ਪੱਟੀ 'ਤੇ ਵੀ ਲਗਾਏ ਜਾਂਦੇ ਹਨ ਜੋ ਸਜਾਵਟ ਦੇ ਨਾਲ-ਨਾਲ ਸ਼ਾਨ, ਸ਼ੋਭਾ, ਵਡਿਆਈ ਦੇ ਪ੍ਰਤੀਕ ਵੀ ਬਣਦੇ ਹਨ। ਇਸ ਪ੍ਰਕਾਰ ਫੁੱਲ ਇਕ ਹੀ ਹੈ ਪਰ ਵਰਤੋਂ ਸਥਾਨ ਦੇ ਆਧਾਰ 'ਤੇ ਇਸਦੇ ਅਰਥ ਬਦਲ ਜਾਂਦੇ ਹਨ। ਪਿੱਤਲ ਦੀਆਂ ਪੱਤਰੀਆਂ ਦੇ ਕਰਾਸ ਦੁੱਖ-ਸੁੱਖ, ਜਨਮ-ਮੌਤ ਆਦਿ ਦੇ ਪ੍ਰਤੀਕ ਬਣਦੇ ਹਨ। ਅਜਿਹੀਆਂ ਸਜਾਵਟੀ ਜੁਗਤਾਂ ਸੰਦੂਕ ਦੇ ਸੁਹਜ ਵਿਚ ਵਾਧਾ ਕਰਦੀਆਂ ਹਨ।

### 3.4. ਸ਼ੀਸ਼ੇ :

ਪੰਜਾਬੀ ਹਾਰ-ਸ਼ਿੰਗਾਰ ਵਿਚ ਸ਼ੀਸ਼ੇ ਦਾ ਵਿਸ਼ੇਸ਼ ਮਹੱਤਵ ਹੈ। ਔਰਤ ਆਪਣੇ ਰੂਪ ਨੂੰ ਸ਼ਿੰਗਾਰਨ ਲਈ ਇਸਦੀ ਵਰਤੋਂ ਕਰਦੀ ਹੈ। ਸ਼ੀਸ਼ਾ ਮਨੁੱਖੀ ਅਕਸ ਨੂੰ ਯਥਾਰਥਿਕ ਰੂਪ ਵਿਚ ਪੇਸ਼ ਕਰਦਾ ਹੈ। ਪੰਜਾਬੀ ਸੰਦੂਕਾਂ ਉਪਰ ਇਹਨਾਂ ਸ਼ੀਸ਼ਿਆਂ ਦੀ ਵਰਤੋਂ ਸੰਦੂਕ ਨੂੰ ਸ਼ਿੰਗਾਰਨ ਲਈ ਕੀਤੀ ਜਾਂਦੀ ਹੈ। ਸੰਦੂਕਾਂ ਉਪਰ ਸ਼ੀਸ਼ਿਆਂ ਦੀ ਸਮੁੱਚੀ ਜੜ੍ਹਤਕਾਰੀ ਇਸਨੂੰ ਉੱਤਮ ਕਲਾ ਕ੍ਰਿਤ ਬਣਾਉਂਦੀ ਹੈ। ਸ਼ੀਸ਼ਿਆਂ ਦੀ ਵਰਤੋਂ ਸੰਦੂਕ ਦੇ ਸਾਹਮਣੇ ਵਾਲੇ ਪਾਸੇ ਚੌਰਸ ਡੱਬੀਆਂ ਦੇ ਵਿਚਕਾਰ ਕੀਤੀ ਜਾਂਦੀ ਹੈ। ਸ਼ੀਸ਼ਿਆਂ ਨੂੰ ਚੌਰਸ ਡੱਬੀਆਂ ਦੇ ਵਿਚਕਾਰ ਚਿਪਕਾ ਕੇ ਇਸਦੇ ਚਾਰੇ ਪਾਸੇ ਪਿੱਤਲ ਜਾਂ ਜਿਸਤ ਨੂੰ ਫ਼ਰੇਮ ਦੇ ਰੂਪ ਵਿਚ ਜੜ੍ਹ ਦਿੱਤਾ ਜਾਂਦਾ ਹੈ। ਇਸ ਫ਼ਰੇਮ ਉਪਰ ਪਿੱਤਲ ਦੇ ਛੋਟੇ ਕੋਕਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਵਰਤਿਆ ਜਾਂਦਾ ਹੈ। ਕਈ ਸੰਦੂਕਾਂ ਉਪਰ ਛੋਟੇ ਆਕਾਰ ਦੇ ਗੋਲ ਜਾਂ ਚੌਰਸ ਸ਼ੀਸ਼ੇ ਚਿਪਕਾ ਦਿੱਤੇ ਜਾਂਦੇ ਹਨ ਜੋ ਇਸਦੇ ਸੁਹਜ ਵਿਚ ਵਾਧਾ ਕਰਦੇ ਹਨ। ਅਜਿਹੇ ਸ਼ੀਸ਼ੇ ਬਕਸਾਨੁਮਾ ਸੰਦੂਕ ਅਤੇ ਖੜ੍ਹਵੇਂ ਆਕਾਰ ਦੇ ਸੰਦੂਕਾਂ ਉਪਰ ਵਧੇਰੇ ਵਰਤੇ ਜਾਂਦੇ ਹਨ। ਸੰਦੂਕਾਂ ਦੀ ਬਣਤਰ ਵਿਚ ਬੜੀ ਪੱਟੀ ਵਿਚ

ਵੀ ਸ਼ੀਸ਼ਿਆਂ ਨੂੰ ਸਜਾਵਟ ਲਈ ਵਰਤਿਆ ਜਾਂਦਾ ਹੈ। ਪੱਟੀ ਉਪਰ ਲੱਗੇ ਸ਼ੀਸ਼ੇ ਵੱਡੇ ਅਤੇ ਛੋਟੇ ਦੋਹਾਂ ਆਕਾਰਾਂ ਵਿਚ ਹੁੰਦੇ ਹਨ। ਇਸ ਪ੍ਰਕਾਰ ਦੇ ਸੰਦੂਕਾਂ ਨੂੰ ਸ਼ੀਸ਼ਿਆਂ ਵਾਲੇ ਸੰਦੂਕ ਕਿਹਾ ਜਾਂਦਾ ਹੈ। ਹਾਰ-ਸ਼ਿੰਗਾਰ ਲਈ ਬਣਾਈਆਂ ਜਾਂਦੀਆਂ ਸੰਦੂਕੜੀਆਂ ਦੇ ਬਾਹਰ ਇਹਨਾਂ ਸ਼ੀਸ਼ਿਆਂ ਨੂੰ ਵਰਤਿਆ ਜਾਂਦਾ ਹੈ। ਅਜਿਹੀਆਂ ਸੰਦੂਕੜੀਆਂ ਦੇ ਉਪਰਲੇ ਦਰਵਾਜ਼ੇ ਦੇ ਅੰਦਰਲੇ ਭਾਗ ਵਿਚ ਸ਼ੀਸ਼ਾ ਵੱਡੇ ਆਕਾਰ ਦਾ ਲਗਾਇਆ ਜਾਂਦਾ ਹੈ ਜਿਸ ਰਾਹੀਂ ਔਰਤਾਂ ਆਪਣੇ ਰੂਪ ਨੂੰ ਵੇਖਦੀਆਂ ਹਨ। ਕਾਰੀਗਰ ਆਪਣੀ ਸਹੂਲਤ ਅਨੁਸਾਰ ਇਹਨਾਂ ਦੀ ਵਰਤੋਂ ਸੰਦੂਕ ਨੂੰ ਖ਼ੂਬਸੂਰਤ ਬਣਾਉਣ ਲਈ ਕਰਦਾ ਹੈ।

### 3.5. ਨਕਾਸ਼ੀ :

ਸੰਦੂਕ ਉਪਰ ਨਕਾਸ਼ੀ ਕਰਨ ਵਿਚ ਘੱਟ ਤਰਖਾਣ ਹੀ ਨਿਪੁੰਨ ਹੁੰਦੇ ਹਨ। ਲੱਕੜ ਉਪਰ ਨਕਾਸ਼ੀ ਕਰਨਾ ਵਿਸ਼ੇਸ਼ ਮੁਹਾਰਤ ਦੀ ਮੰਗ ਕਰਦਾ ਹੈ। ਇਸ ਲਈ ਤੀਖਣ ਬੁੱਧੀ, ਅਨੁਭਵ, ਸੰਤੁਲਨ ਵਿਸ਼ੇਸ਼ ਮਹੱਤਵ ਰੱਖਦੇ ਹਨ। ਨਕਾਸ਼ੀ ਕਰਨ ਲਈ ਲੱਕੜ ਦੀ ਚੋਣ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ ਜਿਹੜੀ ਲੱਕੜ ਵਿਚ ਗੱਠਾ/ਗੰਢਾਂ ਹੁੰਦੀਆਂ ਹਨ, ਉਸਨੂੰ ਨਕਾਸ਼ੀ ਲਈ ਸਹੀ ਨਹੀਂ ਮੰਨਿਆਂ ਜਾਂਦਾ। ਇਸ ਲਈ ਅਖਰੋਟ, ਟਾਹਲੀ, ਸਾਗਵਾਨ ਆਦਿ ਰੁੱਖਾਂ ਦੀ ਲੱਕੜ ਵਰਤੀ ਜਾਂਦੀ ਹੈ।[25] ਅਜਿਹੀ ਲੱਕੜ ਜਿਸ ਵਿਚ ਸਖ਼ਤ ਰੇਸ਼ੇ ਹੁੰਦੇ ਹਨ ਉਸ ਉਪਰ ਨਕਾਸ਼ੀ ਕਰਨ ਵਿਚ ਕਠਿਨਾਈ ਆਉਂਦੀ ਹੈ। ਨਰਮ ਲੱਕੜ ਨੂੰ ਇਸ ਕਾਰਜ ਵਾਸਤੇ ਉੱਤਮ ਮੰਨਿਆ ਜਾਂਦਾ ਹੈ। ਨਕਾਸ਼ੀ ਦੇ ਕਾਰਜ ਵਿਚ ਹਥੌੜੇ ਅਤੇ ਸ਼ੈਣੀ ਦੀ ਸਹਾਇਤਾ ਨਾਲ ਕਾਰੀਗਰ ਲੱਕੜ ਉਪਰ ਆਪਣੀ ਕਲਪਨਾ ਨੂੰ ਸਾਕਾਰ ਕਰਦਾ ਹੈ। ਨਕਾਸ਼ੀ ਲਈ ਦੋ ਤਰੀਕੇ ਅਪਣਾਏ ਜਾਂਦੇ ਹਨ – ਇਕ ਲੱਕੜ ਉਪਰ ਨਕਾਸ਼ੀ ਕਰਨਾ ਅਤੇ ਦੂਸਰਾ ਲੱਕੜ ਦੀ ਵਰਤੋਂ ਕਰ ਕਿਸੇ ਆਕ੍ਰਿਤੀ ਨੂੰ ਬਣਾ ਕੇ ਸੰਦੂਕ ਉੱਪਰ ਚਿਪਕਾਉਣਾ।[26] ਤਰਖਾਣ ਸੰਦੂਕ ਉਪਰ ਨਕਾਸ਼ੀ ਕਰਨ ਸਮੇਂ ਇਹਨਾਂ ਵਿਧੀਆਂ ਨੂੰ ਵਰਤਦਾ ਹੈ। ਕੁਝ ਸੰਦੂਕ ਅਜਿਹੇ ਪ੍ਰਾਪਤ ਹੋਏ ਹਨ ਜਿੰਨ੍ਹਾਂ ਉਪਰ ਲੱਕੜ ਨੂੰ ਕੁਰੇਦ ਕੇ ਨਕਾਸ਼ੀ ਕੀਤੀ ਗਈ ਹੈ ਅਤੇ ਕੁਝ ਸੰਦੂਕਾਂ ਉਪਰ ਨਕਾਸ਼ੀ ਰਾਹੀਂ ਫੁੱਲ, ਪੰਛੀ ਬਣਾ ਕੇ ਸੰਦੂਕ ਉਪਰ ਚਿਪਕਾਏ ਜਾਂ ਲਗਾਏ ਗਏ ਹਨ।

ਕਈ ਤਰਖਾਣ ਛੋਟੀਆਂ ਆਰੀਆਂ ਦੀ ਵਰਤੋਂ ਕਰ ਪਿੰਜਰੇ ਵੀ ਬਣਾਉਂਦੇ ਹਨ ਜਿੰਨ੍ਹਾਂ ਨੂੰ ਸੰਦੂਕ ਦੇ ਸਿਰੇ ਉਪਰ ਜਾਂ ਹੇਠਲੇ ਦਰਵਾਜ਼ੇ ਦੇ ਥੱਲੇ ਲਗਾਇਆ ਜਾਂਦਾ ਹੈ। ਤਰਖਾਣਾਂ ਦੀ ਭਾਸ਼ਾ ਵਿਚ ਇਸਨੂੰ 'ਕਢਾਈ' ਕਿਹਾ ਜਾਂਦਾ ਹੈ। ਨਕਾਸ਼ੀ ਜਿੱਥੇ ਮੋਟੀ ਲੱਕੜ ਉਪਰ ਕੀਤੀ ਜਾਂਦੀ ਹੈ ਉੱਥੇ ਬਰੀਕ ਫੱਟੀਆਂ ਉਪਰ ਵੀ ਅਜਿਹਾ ਕਾਰਜ ਕੀਤਾ ਜਾਂਦਾ ਹੈ। ਨਕਾਸ਼ੀ ਦਾ ਕੰਮ ਤਰਖਾਣ ਦੀ ਆਰਥਿਕਤਾ ਨਾਂਲ ਵੀ ਸੰਬੰਧ ਰੱਖਦਾ ਹੈ। ਸਾਗਵਾਨ ਜਾਂ ਅਖਰੋਟ ਦੀ ਲੱਕੜ ਨੂੰ ਬਾਹਰਲੇ ਰਾਜਾਂ ਵਿਚੋਂ ਮੰਗਵਾਉਣ ਤੇ ਵਧੇਰੇ ਖ਼ਰਚ ਆਉਂਦਾ ਹੈ, ਜਿਸ ਕਾਰਨ ਬਹੁਤ ਘੱਟ ਤਰਖਾਣ ਹੀ ਅਜਿਹਾ ਖਰਚਾ ਉਠਾਉਣ ਦੀ ਸਮਰੱਥਾ ਰੱਖਦੇ ਹਨ। ਕਈ ਤਰਖਾਣ ਨਕਾਸ਼ੀ ਕੀਤੀਆਂ ਵਿਭਿੰਨ ਆਕ੍ਰਿਤੀਆਂ ਨੂੰ ਨਕਾਸ਼ੀ ਕਲਾ ਨਾਲ ਸੰਬੰਧਿਤ ਕਾਰੀਗਰਾਂ ਕੋਲੋਂ ਖ਼ਰੀਦ ਕੇ ਸੰਦੂਕ ਉਪਰ ਲਗਾਉਂਦੇ ਹਨ। ਨਕਾਸ਼ੀ ਦਾ ਕਾਰਜ ਵਿਸ਼ੇਸ਼ ਮੁਹਾਰਤ ਅਤੇ ਮਿਹਨਤ ਦੀ ਮੰਗ ਕਰਦਾ ਹੈ ਜਿਸ ਵਿਚ ਕੋਈ-ਕੋਈ ਤਰਖਾਣ ਹੀ ਨਿਪੁੰਨ ਹੁੰਦਾ ਹੈ। ਅਜਿਹੇ ਕਾਰੀਗਰ ਨੂੰ ਸਮਾਜ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੁੰਦਾ ਹੈ। ਨਕਾਸ਼ੀ ਰਾਹੀਂ ਵਿਭਿੰਨ ਪ੍ਰਕਾਰ ਦੀਆਂ ਆਕ੍ਰਿਤੀਆਂ ਜਿਵੇਂ ਫੁੱਲ, ਪੰਛੀ, ਮੱਛਲੀ, ਸੂਰਜ, ਸਵਾਸਤਿਕ ਆਦਿ ਨੂੰ ਸੰਦੂਕ ਉਪਰ ਉਲੀਕਿਆ ਜਾਂਦਾ ਹੈ। ਜਿੱਥੇ ਇਹ ਆਕ੍ਰਿਤੀਆਂ ਸੰਦੂਕ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕਰਦੀਆਂ ਹਨ ਉੱਥੇ ਮਨੁੱਖੀ ਬਿਰਤੀਆਂ ਨੂੰ ਵੀ ਰੂਪਮਾਨ ਕਰਦੀਆਂ ਹਨ। ਫੁੱਲ ਦਾ ਚਿੰਨ੍ਹ, ਖੁਸ਼ੀ, ਖੇੜੇ, ਨਵੀਂ ਆਸ ਆਦਿ ਦਾ ਪ੍ਰਤੀਕ ਬਣਦਾ ਹੈ। ਜਦੋਂ ਤਰਖਾਣ ਨਕਾਸ਼ੀ ਰਾਹੀਂ ਫੁੱਲ ਨੂੰ ਸੰਦੂਕ ਉਪਰ ਉਲੀਕਦਾ ਹੈ ਤਾਂ ਉਹ ਕਾਰੀਗਰ ਦੀ ਮਾਨਸਿਕਤਾ ਦੀ ਪੇਸ਼ਕਾਰੀ ਹੀ ਹੁੰਦਾ ਹੈ।

ਸੂਰਜ ਬ੍ਰਹਿਮੰਡ ਦੀ ਸਭ ਤੋਂ ਤੇਜਸਵੀ ਸ਼ਕਤੀ ਹੈ ਜਿਸਨੂੰ ਉਤਪਾਦਨ ਸ਼ਕਤੀ ਦਾ ਦੇਵਤਾ ਮੰਨਿਆ ਜਾਂਦਾ ਹੈ।[27] ਹਿੰਦੂਆਂ ਵਿਚ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ। ਸੂਰਜ ਨਾਲ ਮਨੁੱਖ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਜਿਸ ਕਾਰਨ ਸੂਰਜ ਮਨੁੱਖੀ ਜੀਵਨ ਦਾ ਅੰਗ ਬਣਦਾ ਹੈ। ਸੂਰਜ, ਰੋਸ਼ਨੀ ਦਾ ਪ੍ਰਤੀਕ ਹੈ ਜਿਸ ਪ੍ਰਕਾਰ ਸੂਰਜ ਨਿਕਲਣ ਤੇ ਹਨੇਰਾ ਦੂਰ ਹੋ ਜਾਂਦਾ ਹੈ, ਇਸੇ ਤਰ੍ਹਾਂ ਮਨੁੱਖੀ ਜ਼ਿੰਦਗੀ

ਵਿਚ ਦੁੱਖਾਂ, ਕਲੇਸ਼ਾਂ, ਹੋਣੀਆਂ ਦਾ ਹਨੇਰਾ ਪਸਰਿਆਂ ਹੋਇਆ ਹੈ। ਸੂਰਜ ਨਵੀਂ ਆਸ ਜਾਂ ਉਮੀਦ ਦਾ ਪ੍ਰਤੀਕ ਬਣ ਅਜਿਹੇ ਹਨੇਰੇ ਨੂੰ ਦੂਰ ਕਰਦਾ ਹੈ। ਇਸ ਭਾਵਨਾ ਤਹਿਤ ਸੰਦੂਕ ਉਪਰ ਸੂਰਜ ਨੂੰ ਉਲੀਕਿਆ ਜਾਂਦਾ ਹੈ। ਅਸਲ ਵਿਚ ਮਨੁੱਖ ਦੀਆਂ ਬਿਰਤੀਆਂ ਅੱਜ ਵੀ ਆਦਿ ਮਾਨਵ ਵਾਲੀਆਂ ਹਨ ਜਿਸ ਪ੍ਰਕਾਰ ਆਦਿ ਮਾਨਵ ਕਿਸੇ ਜਾਨਵਰ ਦਾ ਚਿੱਤਰ ਬਣਾ ਕੇ ਇਹ ਸਮਝਦਾ ਸੀ ਕਿ ਉਸਨੇ ਇਸ ਜਾਨਵਰ ਉਪਰ ਅਧਿਕਾਰ ਸਥਾਪਿਤ ਕਰ ਲਿਆ ਹੈ। ਇਸੇ ਤਰ੍ਹਾਂ ਸੰਦੂਕ ਉਪਰ ਸੂਰਜ ਬਣਾ ਕੇ ਮਨੁੱਖ ਇਹ ਮੰਨਦਾ ਹੈ ਕਿ ਸੂਰਜ ਦੀ ਆਕ੍ਰਿਤੀ ਨਾਲ ਮਨੁੱਖੀ ਜੀਵਨ ਦਾ ਹਨੇਰਾ ਦੂਰ ਹੋ ਜਾਵੇਗਾ।

ਨਕਾਸ਼ੀ ਰਾਹੀਂ ਤਰਖਾਣ ਸੰਦੂਕ ਉਪਰ ਵਿਭਿੰਨ ਪੰਛੀਆਂ ਦੀਆਂ ਆਕ੍ਰਿਤੀਆਂ ਬਣਾਉਂਦਾ ਹੈ ਜਿਸ ਵਿਚ ਮੋਰ ਦੀ ਆਕ੍ਰਿਤੀ ਵਧੇਰੇ ਬਣਾਈ ਜਾਂਦੀ ਹੈ। ਮੋਰ ਅਜਿਹਾ ਪੰਛੀ ਹੈ ਜਿਸਨੂੰ ਸਭ ਤੋਂ ਵੱਧ ਪੰਜਾਬੀ ਲੋਕ ਕਲਾ ਵਿਚ ਉਲੀਕਿਆ ਗਿਆ ਹੈ। ਆਪਣੀ ਖ਼ੂਬਸੂਰਤੀ ਕਾਰਨ ਆਦਿ ਕਾਲ ਤੋਂ ਹੀ ਇਹ ਮਨੁੱਖੀ ਮਾਨਸਿਕਤਾ ਨੂੰ ਟੁੰਬਦਾ ਆ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਪੈਲ ਪਾਉਂਦਾ ਮੋਰ ਖ਼ੂਬਸੂਰਤੀ ਦਾ ਸਿਖ਼ਰ ਹੁੰਦਾ ਹੈ। ਇਸੇ ਲਈ ਹੀ ਪੰਜਾਬੀ ਲੋਕ ਕਲਾ ਵਿਚ ਮੋਰ ਨੂੰ ਪਿਆਰ ਤੇ ਖੁਸ਼ੀ ਦੇ ਪ੍ਰਤੀਕ ਵਜੋਂ ਚਿਤਰਿਆ ਜਾਂਦਾ ਹੈ। ਔਰਤਾਂ ਕੰਧਾਂ ਤੋਂ ਲੈ ਕੇ ਫੁਲਕਾਰੀਆਂ ਤੱਕ ਹਰੇਕ ਕਲਾ ਕ੍ਰਿਤਾਂ ਵਿਚ ਮੋਰ ਦੀ ਆਕ੍ਰਿਤੀ ਨੂੰ ਰੂਪਮਾਨ ਕਰਦੀਆਂ ਹਨ। ਮੋਰ ਨਾਲ ਖੁਸ਼ੀ ਦੀਆਂ ਭਾਵਨਾਵਾਂ ਜੁੜੀਆਂ ਹੋਣ ਕਾਰਨ ਵਿਆਹ ਸਮੇਂ ਦਾਜ ਵਿਚ ਦਿੱਤੇ ਜਾਣ ਵਾਲੇ ਸੰਦੂਕ ਉਪਰ ਮੋਰ ਨੂੰ ਅਜਿਹੀ ਭਾਵਨਾ ਤਹਿਤ ਹੀ ਉਲੀਕਿਆ ਜਾਂਦਾ ਹੈ। ਮੋਰ ਸਰਸਵਤੀ ਤੇ ਕਾਰਤਿਕਿਆ ਦਾ ਵਾਹਨ ਵੀ ਹੈ। ਭਗਵਾਨ ਸ੍ਰੀ ਕ੍ਰਿਸ਼ਨ ਆਪਣੇ ਮੁਕਟ ਵਿਚ ਮੋਰ ਦੇ ਪੰਖ ਨੂੰ ਲਗਾਉਂਦੇ ਹਨ।[28] ਅਜਿਹੀਆਂ ਧਾਰਮਿਕ ਭਾਵਨਾਵਾਂ ਮੋਰ ਨਾਲ ਜੁੜੀਆਂ ਹੋਣ ਕਾਰਨ ਵੀ ਇਹ ਲੋਕ ਮਾਨਸਿਕਤਾ ਦਾ ਹਿੱਸਾ ਬਣਦਾ ਹੈ। ਇਸ ਪ੍ਰਕਾਰ ਮੋਰ ਸੁੰਦਰਤਾ, ਖੁਸ਼ੀ, ਸਿਆਣਪ, ਪਿਆਰ ਆਦਿ ਦਾ ਪ੍ਰਤੀਕ ਬਣਦਾ ਹੈ।

ਇਸ ਪ੍ਰਕਾਰ ਬ੍ਰਹਿਮੰਡ, ਜੀਵ-ਜੰਤੂ, ਪਸ਼ੂ ਪੰਛੀ ਆਦਿ ਦੀ ਅਜਿਹੀ ਪੇਸ਼ਕਾਰੀ ਇਕ ਤਰ੍ਹਾਂ ਨਾਲ ਮਨੁੱਖੀ ਮਨ ਦੇ ਅਵਚੇਤਨ ਦਾ ਪ੍ਰਗਟਾਵਾ ਹੀ ਹੈ। ਸੰਦੂਕ ਦੀਆਂ ਵਿਭਿੰਨ ਵੰਨਗੀਆਂ ਵਿਚ ਨਕਾਸ਼ੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਨਕਾਸ਼ੀ ਨਾਲ ਸੰਬੰਧਿਤ ਕਾਰੀਗਰ ਵਿਭਿੰਨ ਤਕਨੀਕਾਂ ਦੀ ਵਰਤੋਂ ਨਾਲ ਸੰਦੂਕ ਉਪਰ ਨਕਾਸ਼ੀ ਕਰਦੇ ਹਨ ਜੋ ਉਹਨਾਂ ਦੀ ਸਰੀਰਕ ਅਤੇ ਬੌਧਿਕ ਸ਼ਕਤੀ ਦਾ ਪ੍ਰਗਟਾਵਾ ਹੁੰਦੀ ਹੈ। ਵਿਭਿੰਨ ਸਮਿਆਂ ਦੌਰਾਨ ਵਰਤੇ ਜਾਂਦੇ ਸੰਦੂਕਾਂ ਉਪਰ ਵੀ ਨਕਾਸ਼ੀ ਕੀਤੀ ਜਾਂਦੀ ਸੀ। ਮੁਗ਼ਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਦੌਰਾਨ ਵੀ ਨਕਾਸ਼ੀ ਕੀਤੇ ਸੰਦੂਕ ਵਧੇਰੇ ਵਰਤੇ ਜਾਂਦੇ ਸਨ। ਅਜਿਹੇ ਸੰਦੂਕ ਉਪਯੋਗਤਾ ਦੇ ਨਾਲ-ਨਾਲ ਸੁਹਜ ਕਲਾ ਦਾ ਉੱਤਮ ਨਮੂਨਾ ਵੀ ਬਣਦੇ ਹਨ। ਅਜਿਹੇ ਸੰਦੂਕ ਹਰੇਕ ਮਨੁੱਖ ਦੇ ਮਨ ਨੂੰ ਟੁੰਬਦੇ ਹਨ। ਸੰਦੂਕ ਦਾ ਅਜਿਹਾ ਕਲਾਤਮਕ ਪੱਖ ਇਸਨੂੰ ਆਮ ਨਾਲੋਂ ਖ਼ਾਸ ਬਣਾਉਂਦਾ ਹੈ।

### 3.6. ਚਿੱਤਰਕਾਰੀ :

ਚਿੱਤਰਕਾਰੀ ਪ੍ਰਾਚੀਨ ਕਾਲ ਤੋਂ ਹੀ ਮਨੁੱਖੀ ਸੁਹਜ ਪੂਰਤੀ ਦਾ ਅਹਿਮ ਸਾਧਨ ਰਹੀ ਹੈ। ਚਿੱਤਕਰਾਰੀ ਨਾਲ ਸੰਬੰਧਿਤ ਕਲਾ ਵਿਚ ਕਾਰੀਗਰ ਦੀ ਮਾਨਸਿਕਤਾ, ਰੰਗਾਂ ਦਾ ਸੁਮੇਲ, ਸੰਤੁਲਨ ਆਦਿ ਵਿਸ਼ੇਸ਼ ਮਹੱਤਵ ਰੱਖਦੇ ਹਨ। ਕਲਾਕਾਰ ਦੀ ਮਾਨਸਿਕਤਾ ਵਿਚ ਬਣਿਆ ਬਿੰਬ, ਬਰੱਸ਼, ਰੰਗਾਂ ਅਤੇ ਹੱਥਾਂ ਨਾਲ ਚਿੱਤਰਕਾਰੀ ਵਿਚ ਤਬਦੀਲ ਹੁੰਦਾ ਹੈ ਜੋ ਮਨੁੱਖ ਨੂੰ ਸੁਹਜ ਪ੍ਰਦਾਨ ਕਰਦਾ ਹੈ। ਕਾਰੀਗਰ ਆਪਣੀ ਚਿੱਤਰਕਾਰੀ ਵਿਚ ਜਿਸ ਵਸਤ, ਵਰਤਾਰੇ ਨੂੰ ਉਲੀਕਦਾ ਹੈ, ਉਸ ਨੂੰ ਆਪਣੇ ਆਸ-ਪਾਸ ਫੈਲੇ ਕਲਾ ਰੂੜ੍ਹੀਆਂ ਦੇ ਸੰਸਾਰ ਵਿਚੋਂ ਚੁਣਦਾ ਹੈ। ਇਸ ਲਈ ਸਮੁੱਚੀ ਬਨਸਪਤੀ, ਬ੍ਰਹਿਮੰਡ, ਜੀਵ-ਜੰਤੂ, ਪਸ਼ੂ-ਪੰਛੀ ਤੋਂ ਇਲਾਵਾ ਧਰਮ, ਸਮਾਜ ਆਦਿ ਬਾਰੇ ਪ੍ਰਾਪਤ ਅਨੁਭਵ ਕਾਰੀਗਰ ਦੁਆਰਾ ਸਿਰਜਤ ਕਲਾ ਵਿਚ ਵਿਭਿੰਨ ਰੂਪਾਂ ਰਾਹੀਂ ਪੇਸ਼ ਹੁੰਦੇ ਹਨ। ਸੰਦੂਕ ਉਪਰ ਕੀਤੀ ਚਿੱਤਰਕਾਰੀ ਵਿਚ ਰੰਗਾਂ ਦੀ ਵਰਤੋਂ ਇਸਨੂੰ ਕਸ਼ਿਸ਼ ਭਰਪੂਰ ਬਣਾਉਂਦੀ ਹੈ। ਚਿੱਤਰਕਾਰੀ ਕੀਤੇ ਸੰਦੂਕ ਛੋਟੇ ਅਤੇ ਵੱਡੇ ਦੋਹਾਂ ਆਕਾਰਾਂ ਵਿਚ ਮਿਲਦੇ ਹਨ। ਸੰਦੂਕ ਉਪਰ ਚਿੱਤਰਕਾਰੀ ਰਾਹੀਂ ਬ੍ਰਹਿਮੰਡ, ਬਨਸਪਤੀ, ਜੀਵ-ਜੰਤੂਆਂ ਅਤੇ ਧਰਮ ਨਾਲ

ਸੰਬੰਧਿਤ ਅਨੇਕ ਆਕ੍ਰਿਤੀਆਂ ਨੂੰ ਉਲੀਕਿਆ ਗਿਆ ਹੈ। ਰੰਗਾਂ ਦਾ ਸੁਮੇਲ, ਨਮੂਨਿਆਂ ਦੀ ਚੋਣ, ਕਾਰੀਗਰ ਦੀ ਕਲਾਤਮਕ ਸੂਝ-ਬੂਝ ਨੂੰ ਪ੍ਰਗਟਾਉਂਦੇ ਹਨ। ਅਜਿਹੀ ਚਿੱਤਰਕਾਰੀ ਕੇਵਲ ਵਸਤ ਨੂੰ ਹੀ ਕਲਾਤਮਕ ਕ੍ਰਿਤ ਨਹੀਂ ਬਣਾਉਂਦੀ ਬਲਕਿ ਮਨੁੱਖੀ ਮਾਨਸਿਕਤਾ ਦੀ ਪੇਸ਼ਕਾਰੀ ਵੀ ਕਰਦੀ ਹੈ। ਸੰਦੂਕ ਉਪਰ ਚਿਤਰਿਆ ਤੋਤਾ ਸਿਆਣਪ ਚਤੁਰਾਈ ਅਤੇ ਕਾਮ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਫੁੱਲ ਨੂੰ ਵਿਸ਼ੇਸ਼ ਰੂਪ ਵਿਚ ਚਿੱਤਰਕਾਰੀ ਵਿਚ ਉਲੀਕਿਆ ਗਿਆ ਹੈ ਜੋ ਖੁਸ਼ੀਆਂ, ਉਮੀਦਾਂ, ਚਾਵਾਂ ਆਦਿ ਦਾ ਪ੍ਰਤੀਕ ਹੈ। ਸੰਦੂਕ ਦੇ ਉਪਰਲੇ ਹਿੱਸੇ ਵਿਚ ਬਣੀ ਪੱਟੀ ਵਿਚ ਗੁਰੂਆਂ ਦੀਆਂ ਤਸਵੀਰਾਂ ਲਗਾਈਆਂ ਜਾਂਦੀਆਂ ਹਨ ਜੋ ਮਨੁੱਖ ਦੀ ਪ੍ਰਮਾਤਮਾ ਪ੍ਰਤੀ ਅਥਾਹ ਸ਼ਰਧਾ ਨੂੰ ਪੇਸ਼ ਕਰਦੀਆਂ ਹਨ। ਖੇਤਰੀ ਕਾਰਜ ਦੌਰਾਨ ਲੋਹੇ ਦਾ ਖੜਵੇਂ ਆਕਾਰ ਦਾ ਸੰਦੂਕ ਪ੍ਰਾਪਤ ਹੋਇਆ ਹੈ ਜਿਸ ਵਿਚ ੧ਓ ਅਤੇ ਗੁਰੂ ਨਾਨਕ ਦੇਵ ਜੀ ਨੂੰ ਚਿਤਰਿਆ ਗਿਆ ਹੈ। ਸੰਦੂਕ ਦੀਆਂ ਵਿਭਿੰਨ ਵੰਨਗੀਆਂ ਉਪਰ ਚਿੱਤਰਕਾਰੀ ਹੋਈ ਮਿਲਦੀ ਹੈ ਜਿਵੇਂ ਬਕਸਾਨੁਮਾ ਸੰਦੂਕ, ਖੜ੍ਹਵੇਂ ਆਕਾਰ ਦੇ ਸੰਦੂਕ, ਸੰਦੂਕੜੀਆਂ ਆਦਿ। ਅਜਿਹੀ ਚਿੱਤਰਕਾਰੀ ਲਈ ਵਿਸ਼ੇਸ਼ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਧੁਨਿਕ ਸਮੇਂ ਵਿਚ ਕੈਮੀਕਲ ਰੰਗਾਂ ਦੀ ਸਹਾਇਤਾ ਨਾਲ ਸੰਦੂਕਾਂ ਉਪਰ ਚਿੱਤਰਕਾਰੀ ਕੀਤੀ ਜਾ ਰਹੀ ਹੈ, ਜੋ ਸੰਦੂਕ ਦੇ ਸੁਹਜ ਵਿਚ ਵਾਧਾ ਕਰਦੀ ਹੈ। ਅਜਿਹੇ ਸੰਦੂਕ ਵਿਸ਼ੇਸ਼ ਰੂਪ ਵਿਚ ਮਿਊਜ਼ੀਅਮਾਂ ਵਿਚ ਰੱਖੇ ਹੋਏ ਮਿਲਦੇ ਹਨ। ਵੱਡੀਆਂ ਦੁਕਾਨਾਂ ਵਿਚ ਵੀ ਇਹਨਾਂ ਦੀ ਵਰਤੋਂ ਵਸਤਾਂ ਨੂੰ ਸੰਭਾਲਣ ਅਤੇ ਸਜਾਵਟੀ ਵਸਤ ਦੇ ਰੂਪ ਵਿਚ ਕੀਤੀ ਜਾ ਰਹੀ ਹੈ। ਪੰਜਾਬ ਤੋਂ ਇਲਾਵਾ ਵਿਭਿੰਨ ਰਾਜਾਂ ਅਤੇ ਦੇਸ਼ਾਂ ਵਿਚ ਮਿਲਦੇ ਇਸ ਵੰਨਗੀ ਦੇ ਸੰਦੂਕਾਂ ਉਪਰ ਕੀਤੀ ਚਿੱਤਰਕਾਰੀ ਵਿਲੱਖਣ ਅਤੇ ਵਿਸ਼ੇਸ਼ ਹੈ। ਸਮਾਜ ਵਿਚਲੇ ਮਨੁੱਖਾਂ ਦੀ ਮਾਨਸਿਕਤਾ ਨੂੰ ਧਿਆਨ ਵਿਚ ਰੱਖ ਕੇ ਸੰਦੂਕਾਂ ਉਪਰ ਚਿੱਤਰਕਾਰੀ ਕੀਤੀ ਜਾ ਰਹੀ ਹੈ। ਚਿੱਤਰਕਾਰੀ ਕੀਤੇ ਅਜਿਹੇ ਸੰਦੂਕ ਪ੍ਰਦਰਸ਼ਨੀਆਂ ਵਿਚ ਵੀ ਦੇਖੇ ਜਾ ਸਕਦੇ ਹਨ। ਸੋ ਸੰਦੂਕ ਉਪਰ ਕੀਤੀ ਚਿੱਤਰਕਾਰੀ ਇਸਨੂੰ ਵਿਸ਼ੇਸ਼ ਵਸਤ ਬਣਾਉਂਦੀ ਹੈ ਜੋ ਮਨੁੱਖੀ ਮਨ ਨੂੰ ਟੁੰਬਦੀ ਹੈ।

## 4. ਵਰਤੋਂ ਦੇ ਆਧਾਰ 'ਤੇ :

ਨਿੱਤ ਵਰਤੋਂ ਦੀਆਂ ਵਸਤਾਂ ਤੋਂ ਲੈ ਕੇ ਕੀਮਤੀ ਵਸਤਾਂ ਨੂੰ ਸੰਭਾਲਣ ਲਈ ਸੰਦੂਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਰਥਾਤ ਸੰਦੂਕ ਨੂੰ ਬਹੁ-ਮੰਤਵੀ ਕਾਰਜਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਘਰਾਂ ਵਿਚ ਇਹਨਾਂ ਦੀ ਵਰਤੋਂ ਹੋ ਰਹੀ ਹੈ। ਪੰਜਾਬ ਵਿਚ ਹੀ ਨਹੀਂ ਬਲਕਿ ਵਿਭਿੰਨ ਦੇਸ਼ਾਂ ਦੇ ਲੋਕਾਂ ਦੁਆਰਾ ਵੀ ਸੰਦੂਕਾਂ ਨੂੰ ਵਸਤਾਂ ਦੀ ਸੰਭਾਲ ਲਈ ਵਰਤਿਆ ਜਾ ਰਿਹਾ ਹੈ। ਸੰਦੂਕ ਦੀ ਵਰਤੋਂ ਦਾ ਅਜਿਹਾ ਸੰਦਰਭ ਇਸਨੂੰ ਖ਼ਾਸ ਵਸਤ ਬਣਾਉਂਦਾ ਹੈ। ਇਸ ਦੀ ਵਰਤੋਂ ਕੇਵਲ ਘਰਾਂ ਵਿਚ ਹੀ ਨਹੀਂ ਬਲਕਿ ਦੁਕਾਨਾਂ, ਦਫ਼ਤਰਾਂ ਆਦਿ ਵਿਚ ਹੁੰਦੀ ਹੈ। ਵਰਤੋਂ ਦੇ ਆਧਾਰ 'ਤੇ ਸੰਦੂਕਾਂ ਦੀਆਂ ਵਿਭਿੰਨ ਸ਼ੈਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

### 4.1. ਘਰਾਂ ਵਿਚ ਵਰਤੇ ਜਾਂਦੇ ਸੰਦੂਕ :

ਸੰਦੂਕਾਂ ਦੀਆਂ ਵਿਭਿੰਨ ਵੰਨਗੀਆਂ ਨੂੰ ਘਰਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ ਬਕਸਾਨੁਮਾ ਸੰਦੂਕ, ਖੜ੍ਹਵੇਂ ਆਕਾਰ ਦੇ ਸੰਦੂਕ, ਦਰਾਜਾਂ ਵਾਲੇ ਸੰਦੂਕ, ਪੇਟੀਨੁਮਾ ਸੰਦੂਕ ਆਦਿ। ਘਰਾਂ ਵਿਚ ਵਰਤੇ ਜਾਂਦੇ ਖੜ੍ਹਵੇਂ ਆਕਾਰ ਦੇ ਸੰਦੂਕ ਵਿਭਿੰਨ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦੇ ਹਨ ਜਿਵੇਂ ਰਜਾਈਆਂ, ਤਲਾਈਆਂ, ਖੇਸ, ਚਾਦਰਾਂ, ਬਰਤਨ ਆਦਿ। ਅਜਿਹੇ ਸੰਦੂਕ ਆਕਾਰ ਪੱਖੋਂ ਵੱਡੇ ਅਤੇ ਛੋਟੇ ਦੋਹਾਂ ਤਰ੍ਹਾਂ ਦੇ ਹੁੰਦੇ ਹਨ। ਇਸ ਵੰਨਗੀ ਦੇ ਸੰਦੂਕ ਅਜਿਹੀ ਲੱਕੜ ਤੋਂ ਤਿਆਰ ਕੀਤੇ ਜਾਂਦੇ ਹਨ ਜਿੰਨ੍ਹਾਂ ਵਿਚ ਵਸਤਾਂ ਕੀੜਿਆਂ-ਮਕੌੜਿਆਂ ਤੋਂ ਸੁਰੱਖਿਅਤ ਰਹਿੰਦੀਆਂ ਹਨ। ਇਸ ਲਈ ਕਈ ਵਾਰ ਔਰਤਾਂ ਇਹਨਾਂ ਸੰਦੂਕਾਂ ਵਿਚ ਮਿੱਠਾ ਜਾਂ ਮਿੱਠੇ ਤੋਂ ਬਣੀਆਂ ਖਾਣ ਵਾਲੀਆਂ ਵਸਤਾਂ ਵੀ ਰੱਖ ਦਿੰਦੀਆਂ ਹਨ। ਇਹਨਾਂ ਸੰਦੂਕਾਂ ਵਿਚ ਚੋਰ ਖ਼ਾਨੇ ਵੀ ਹੁੰਦੇ ਹਨ ਜਿੰਨ੍ਹਾਂ ਵਿਚ ਪੈਸਿਆਂ ਅਤੇ ਗਹਿਣਿਆਂ ਨੂੰ ਰੱਖਿਆ ਜਾਂਦਾ ਹੈ। ਅਜਿਹੇ ਸੰਦੂਕਾਂ ਵਿਚ ਵਧੇਰੇ ਵਸਤਾਂ ਸੰਭਾਲਣ ਦੀ ਸਮਰੱਥਾ ਹੁੰਦੀ ਹੈ। ਸਧਾਰਨ ਘਰਾਂ ਵਿਚ ਬਕਸਾਨੁਮਾ ਸੰਦੂਕ ਵਰਤੇ ਜਾਂਦੇ ਹਨ ਜੋ ਕੱਪੜੇ ਸੰਭਾਲਣ ਦੇ ਕੰਮ ਆਉਂਦੇ ਹਨ। ਇਸ ਤੋਂ ਇਲਾਵਾ ਕਈ ਘਰਾਂ ਵਿਚ ਵਿਭਿੰਨ

ਛੋਟੀਆਂ ਵਸਤਾਂ ਨੂੰ ਸੰਭਾਲਣ ਲਈ ਦਰਾਜਾਂ ਵਾਲੇ ਸੰਦੂਕ ਵੀ ਵਰਤੇ ਜਾਂਦੇ ਹਨ ਜੋ ਸਧਾਰਨ ਅਤੇ ਸਜਾਵਟੀ ਦਿੱਖ ਵਾਲੇ ਹੁੰਦੇ ਹਨ। ਇਹਨਾ ਵਿਚ ਬਣੇ ਦਰਾਜ ਵਿਭਿੰਨ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦੇ ਹਨ ਜਿੰਨ੍ਹਾਂ ਵਿਚ ਵਸਤਾਂ ਸੁਰੱਖਿਅਤ ਰਹਿੰਦੀਆਂ ਹਨ। ਪੁਰਾਤਨ ਸਮੇਂ ਵਿਚ ਰਸੋਈ ਘਰਾਂ ਵਿਚ ਰੋਟੀਆਂ ਰੱਖਣ ਲਈ ਲੱਕੜ ਤੋਂ ਬਣੀਆਂ ਸੰਦੂਕੜੀਆਂ ਵਰਤੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਔਰਤਾਂ ਆਪਣੇ ਹਾਰ-ਸ਼ਿੰਗਾਰ ਦੀਆਂ ਵਿਭਿੰਨ ਵਸਤਾਂ ਵੀ ਸੰਦੂਕੜੀਆਂ ਵਿਚ ਰੱਖਦੀਆਂ ਸਨ। ਆਧੁਨਿਕ ਸਮੇਂ ਵਿਚ ਸ਼ਿੰਗਾਰ ਸੰਦੂਕੜੀ ਦਾ ਪਰਿਵਰਤਿਤ ਰੂਪ ਸ਼ਿੰਗਾਰ ਬਕਸੇ ਦੇ ਰੂਪ ਵਿਚ ਮਿਲਦਾ ਹੈ। ਘਰਾਂ ਵਿਚ ਵਿਭਿੰਨ ਪ੍ਰਕਾਰ ਦੇ ਸੰਦਾਂ ਨੂੰ ਵੀ ਸੰਦੂਕੜੀਆਂ ਵਿਚ ਰੱਖਿਆ ਜਾਂਦਾ ਹੈ। ਸੰਦੂਕੜੀਆਂ ਵਿਚ ਰੱਖੇ ਸੰਦ ਸੁਰੱਖਿਅਤ ਰਹਿੰਦੇ ਹਨ ਅਤੇ ਆਸਾਨੀ ਨਾਲ ਮਿਲ ਜਾਂਦੇ ਹਨ। ਖੇਤਰੀ ਕਾਰਜ ਦੌਰਾਨ ਕੁਝ ਅਜਿਹੇ ਸੰਦੂਕ ਮਿਲੇ ਹਨ ਜਿੰਨ੍ਹਾਂ ਨੂੰ ਪੀੜ੍ਹੀਆਂ ਤੋਂ ਸੰਭਾਲ ਕੇ ਰੱਖਿਆ ਗਿਆ ਹੈ ਜਿਵੇਂ ਬਕਸਾਨੁਮਾ ਸੰਦੂਕ, ਪੇਟੀਨੁਮਾ ਸੰਦੂਕ, ਗੁਬੰਦ ਆਕਾਰੀ ਸਿਰੇ ਵਾਲਾ ਖੜ੍ਹਵੇਂ ਆਕਾਰ ਦਾ ਸੰਦੂਕ ਆਦਿ। ਇਹਨਾਂ ਦੀ ਵਰਤੋਂ ਆਧੁਨਿਕ ਸਮੇਂ ਵਿਚਲੇ ਪੇਂਡੂ ਘਰਾਂ ਵਿਚ ਹੋ ਰਹੀ ਹੈ। ਅਜਿਹੇ ਸੰਦੂਕ ਆਧੁਨਿਕ ਸਮੇਂ ਵਿਚ ਬਹੁਤ ਘੱਟ ਮਿਲਦੇ ਹਨ। ਖੜ੍ਹਵੇਂ ਆਕਾਰ ਦੇ ਸੰਦੂਕ ਬਣਾਈ ਅਧੀਨ ਘੱਟ ਹਨ ਪਰ ਘਰਾਂ ਵਿਚ ਇਹਨਾਂ ਦੀ ਵਰਤੋਂ ਬਹੁ-ਮੰਤਵੀ ਕਾਰਜਾਂ ਲਈ ਹੋ ਰਹੀ ਹੈ। ਆਧੁਨਿਕ ਸਮੇਂ ਵਿਚ ਸੰਦੂਕ ਪਰਿਵਰਤਿਤ ਰੂਪ ਵਿਚ ਘਰਾਂ ਦਾ ਸ਼ਿੰਗਾਰ ਬਣੇ ਹੋਏ ਹਨ। ਇਹਨਾਂ ਨੂੰ ਸੰਪੂਰਨ ਰੂਪ ਵਿਚ ਮਨੁੱਖੀ ਜੀਵਨ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ।

### 4.2. ਖਜ਼ਾਨੇ ਵਾਲੇ ਸੰਦੂਕ :

ਖਜ਼ਾਨੇ ਵਾਲੇ ਸੰਦੂਕ ਨੂੰ ਅੰਗਰੇਜ਼ੀ ਵਿਚ 'coffer' ਕਿਹਾ ਜਾਂਦਾ ਹੈ ਜੋ ਕੀਮਤੀ ਸਮੱਗਰੀ ਜਿਵੇਂ ਸੋਨਾ, ਚਾਂਦੀ, ਮੋਤੀ, ਸਿੱਕੇ ਆਦਿ ਨੂੰ ਸੰਭਾਲਣ ਲਈ ਵਰਤੇ ਜਾਂਦੇ ਹਨ।[29] ਇਹਨਾਂ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਸ਼ਾਹੀ ਮਹਿਲਾਂ ਵਿਚ ਹੁੰਦੀ ਰਹੀ ਸੀ। ਇਹ ਸੰਦੂਕ ਬਕਸੇ ਦੀ ਤਰ੍ਹਾਂ ਹੁੰਦੇ ਹਨ ਜੋ ਮਜ਼ਬੂਤ ਲੱਕੜ ਤੋਂ ਤਿਆਰ ਕੀਤੇ ਜਾਂਦੇ

ਹਨ। ਇਸਦੇ ਦਰਵਾਜ਼ੇ ਭਾਰੀ ਅਤੇ ਕੁੰਡੇ ਮਜ਼ਬੂਤ ਹੁੰਦੇ ਹਨ। ਵਿਭਿੰਨ ਸਜਾਵਟੀ ਜੁਗਤਾਂ ਨਾਲ ਇਹਨਾਂ ਨੂੰ ਸ਼ਿੰਗਾਰਿਆ ਜਾਂਦਾ ਹੈ ਜਿਵੇਂ ਨਕਾਸ਼ੀ, ਮੋਤੀਆਂ ਦੀ ਸੀਪ ਆਦਿ। ਪਹਿਲਾਂ ਇਹਨਾਂ ਵਸਤਾਂ ਨੂੰ ਵੱਡੇ ਥੈਲਿਆਂ ਜਾਂ ਗਾਗਰਾਂ ਵਿਚ ਪਾ ਕੇ ਰੱਖਿਆ ਜਾਂਦਾ ਸੀ। ਵਸਤਾਂ ਕੀਮਤੀ ਹੋਣ ਕਾਰਨ ਇਹਨਾਂ ਦੇ ਗੁੰਮ ਹੋਣ ਦਾ ਡਰ ਬਣਿਆ ਰਹਿੰਦਾ ਸੀ, ਜਿਸ ਕਾਰਨ ਖਜ਼ਾਨੇ ਵਾਲੇ ਸੰਦੂਕਾਂ ਨੂੰ ਅਜਿਹੀਆਂ ਵਸਤਾਂ ਸੰਭਾਲਣ ਲਈ ਵਰਤਿਆ ਜਾਣ ਲੱਗਾ। ਖਜ਼ਾਨੇ ਵਾਲੇ ਸੰਦੂਕ ਦੀ ਵੰਨਗੀ ਬਕਸਾਨੁਮਾ ਸੰਦੂਕ ਦੇ ਰੂਪ ਵਿਚ ਮਿਲਦੀ ਹੈ। ਆਧੁਨਿਕ ਸਮੇਂ ਵਿਚ ਅਜਿਹੇ ਸੰਦੂਕ ਮਿਊਜ਼ੀਅਮਾਂ ਵਿਚ ਰੱਖੇ ਹੋਏ ਮਿਲਦੇ ਹਨ।

### 4.3. ਯਾਤਰਾ ਸੰਦੂਕ :

ਇਹ ਸੰਦੂਕ ਵਸਤਾਂ ਦੀ ਢੋਆ-ਢੁਆਈ ਨਾਲ ਸੰਬੰਧਿਤ ਹੋਣ ਕਰਕੇ ਇਹਨਾਂ ਨੂੰ 'ਯਾਤਰਾ ਸੰਦੂਕ' ਕਿਹਾ ਜਾਂਦਾ ਹੈ। ਇਹਨਾਂ ਦੀ ਵਰਤੋਂ ਵਪਾਰੀ ਵਰਗ, ਮਲਾਹਾਂ, ਖ਼ਾਨਾਬਦੋਸ਼ ਕਬੀਲਿਆਂ ਦੁਆਰਾ ਕੀਤੀ ਜਾਂਦੀ ਹੈ।[30] ਮੁਗ਼ਲ ਕਾਲ ਸਮੇਂ ਸੌਦਾਗਰ ਵਰਗ ਅਜਿਹੇ ਸੰਦੂਕਾਂ ਨੂੰ ਵਿਸ਼ੇਸ਼ ਰੂਪ ਵਿਚ ਵਰਤਦੇ ਰਹੇ ਸਨ, ਜਿੰਨ੍ਹਾਂ ਵਿਚ ਸਿਲਕ, ਰੇਸ਼ਮ, ਊਨੀ ਮਾਲ ਨੂੰ ਰੱਖ ਕੇ ਵਿਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਇਹ ਸੰਦੂਕ ਅਜਿਹੀ ਲੱਕੜ ਤੋਂ ਤਿਆਰ ਕੀਤੇ ਜਾਂਦੇ ਹਨ ਜੋ ਮਜ਼ਬੂਤ ਵੀ ਹੋਵੇ ਅਤੇ ਜਿਸ ਲੱਕੜ ਦਾ ਭਾਰ ਵੀ ਘੱਟ ਹੋਵੇ। ਇਸ ਨੂੰ ਚੁੱਕਣ ਦੀ ਸੁਵਿਧਾ ਲਈ ਅਜਿਹਾ ਕੀਤਾ ਜਾਂਦਾ ਹੈ। ਯਾਤਰਾ ਸੰਦੂਕ ਬਕਸੇ ਦੇ ਆਕਾਰ ਦੇ ਹੁੰਦੇ ਹਨ ਜਿੰਨ੍ਹਾਂ ਦਾ ਢਾਂਚਾ ਪਾਵਿਆਂ ਤੋਂ ਰਹਿਤ ਹੁੰਦਾ ਹੈ। ਇਸਦੇ ਸੱਜੇ ਅਤੇ ਖੱਬੇ ਪਾਸੇ ਦੋ ਹੈਂਡਲ ਲੱਗੇ ਹੁੰਦੇ ਹਨ ਜਿੰਨ੍ਹਾਂ ਦੀ ਸਹਾਇਤਾ ਨਾਲ ਯਾਤਰਾ ਸੰਦੂਕ ਨੂੰ ਚੁੱਕੇ ਕੇ ਇਕ ਥਾਂ ਤੋਂ ਦੂਸਰੀ ਥਾਂ ਲਿਜਾਇਆ ਜਾਂਦਾ ਹੈ। ਇਹਨਾਂ ਸੰਦੂਕਾਂ ਵਿਚ ਰੱਖੀਆਂ ਵਸਤਾਂ ਦੇ ਖ਼ਰਾਬ ਹੋਣ ਦਾ ਡਰ ਨਹੀਂ ਰਹਿੰਦਾ। ਖ਼ਾਨਾਬਦੋਸ਼ ਕਬੀਲੇ ਜਿੰਨ੍ਹਾਂ ਦਾ ਨਿਸ਼ਚਿਤ ਥਾਂ ਠਿਕਾਣਾ ਨਹੀਂ ਹੁੰਦਾ ਉਹਨਾਂ ਦੁਆਰਾ ਵੀ ਅਜਿਹੇ ਸੰਦੂਕ ਵਰਤੇ ਜਾਂਦੇ ਹਨ। ਇਹਨਾਂ ਕਬੀਲਿਆਂ ਦੁਆਰਾ ਆਪਣੀਆਂ ਵਸਤਾਂ ਸੰਦੂਕਾਂ ਵਿਚ ਰੱਖ ਕੇ ਇਕ ਥਾਂ ਤੋਂ ਦੂਸਰੀ ਥਾਂ ਲਿਜਾਂਈਆਂ ਜਾਂਦੀਆਂ ਹਨ।

ਆਧੁਨਿਕ ਸਮੇਂ ਵਿਚ ਧਾਤਾਂ ਤੋਂ ਬਣੇ ਯਾਤਰਾ ਸੰਦੂਕਾਂ ਨੂੰ ਵਸਤਾਂ ਦੀ ਢੋਆ-ਢੁਆਈ ਲਈ ਵਰਤਿਆ ਜਾ ਰਿਹਾ ਹੈ। ਮੁਗ਼ਲ ਕਾਲ ਵਿਚ ਨਿਰਯਾਤ ਲਈ ਅਜਿਹੇ ਸੰਦੂਕ ਵਰਤੇ ਜਾਂਦੇ ਸਨ। ਸੰਦੂਕਾਂ ਦੀ ਵਰਤੋਂ ਦਾ ਅਜਿਹਾ ਪ੍ਰਸੰਗ ਇਹਨਾਂ ਨੂੰ ਵਿਸ਼ੇਸ਼ ਬਣਾਉਂਦਾ ਹੈ।

## 4.4. ਦੁਕਾਨਾਂ ਵਿਚ ਵਰਤੇ ਜਾਂਦੇ ਸੰਦੂਕ :

ਦੁਕਾਨਾਂ ਅਤੇ ਵਰਕਸ਼ਾਪਾਂ ਵਿਚ ਆਮ ਤੌਰ 'ਤੇ ਦਰਾਜਾਂ ਵਾਲੇ ਸੰਦੂਕ ਹੀ ਵਰਤੇ ਜਾਂਦੇ ਹਨ। ਅਜਿਹੇ ਸੰਦੂਕਾਂ ਵਿਚ ਬਣੇ ਦਰਾਜਾਂ ਦੀ ਗਿਣਤੀ ਵਧੇਰੇ ਹੁੰਦੀ ਹੈ ਅਤੇ ਇਹ ਦਰਾਜ ਡੂੰਘਾਈ ਵਿਚ ਹੁੰਦੇ ਹਨ। ਇਹਨਾਂ ਵਿਚ ਵਧੇਰੇ ਵਸਤਾਂ ਸੰਭਾਲਣ ਦੀ ਸਮਰੱਥਾ ਹੁੰਦੀ ਹੈ। ਇਹ ਆਮ ਤੌਰ 'ਤੇ ਖੜ੍ਹਵੇਂ ਅਤੇ ਲੇਟਵੇਂ ਦੋਹਾਂ ਆਕਾਰਾਂ ਵਿਚ ਮਿਲਦੇ ਹਨ। ਕਰਿਆਨੇ ਵਾਲੀਆਂ ਦੁਕਾਨਾਂ ਵਿਚ ਵਿਭਿੰਨ ਵਸਤਾਂ ਜਿਵੇਂ ਚਾਵਲ, ਛੋਲੇ, ਦਾਲਾਂ, ਲਿਫਾਫੇ ਆਦਿ ਇਹਨਾਂ ਦਰਾਜਾਂ ਵਿਚ ਰੱਖੇ ਜਾਂਦੇ ਹਨ। ਵਰਕਸ਼ਾਪਾਂ ਵਿਚ ਵਿਭਿੰਨ ਸੰਦਾਂ, ਵਸਤਾਂ ਨੂੰ ਰੱਖਣ ਲਈ ਇਹਨਾਂ ਸੰਦੂਕਾਂ ਨੂੰ ਵਰਤਿਆ ਜਾਂਦਾ ਹੈ। ਇਹਨਾਂ ਵਿਚ ਰੱਖੀਆਂ ਵਸਤਾਂ ਇਕ ਤਾਂ ਸੁਰੱਖਿਅਤ ਰਹਿੰਦੀਆਂ ਹਨ ਦੂਸਰਾ ਇਹਨਾਂ ਨੂੰ ਲੱਭਣਾ ਆਸਾਨ ਹੋ ਜਾਂਦਾ ਹੈ। ਇਸ ਤੋਂ ਇਲਾਵਾ ਬਕਸਾਨੁਮਾ ਸੰਦੂਕ ਵੀ ਦੁਕਾਨਾਂ ਵਿਚ ਵਿਭਿੰਨ ਵਸਤਾਂ ਨੂੰ ਸੰਭਾਲਣ ਲਈ ਵਰਤੇ ਜਾਂਦੇ ਹਨ। ਅਜਿਹੇ ਸੰਦੂਕ ਸਧਾਰਨ ਦਿੱਖ ਵਾਲੇ ਹੁੰਦੇ ਹਨ। ਦਰਾਜਾਂ ਵਾਲੇ ਸੰਦੂਕਾਂ ਵਿਚ ਬਣੇ ਦਰਾਜਾਂ ਕਾਰਨ ਇਹਨਾਂ ਨੂੰ ਵਿਭਿੰਨ ਕਾਰਜਾਂ ਲਈ ਪ੍ਰਯੋਗ ਕੀਤਾ ਜਾਂਦਾ ਹੈ। ਲੇਟਵੇਂ ਆਕਾਰ ਦੇ ਦਰਾਜਾਂ ਵਾਲੇ ਸੰਦੂਕ ਜਿੱਥੇ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦੇ ਹਨ ਉੱਥੇ ਬੈਠਣ ਲਈ ਵੀ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਛੋਟੇ ਆਕਾਰ ਦੀਆਂ ਵਸਤਾਂ ਨੂੰ ਵੀ ਇਹਨਾਂ ਉਪਰ ਰੱਖ ਦਿੱਤਾ ਜਾਂਦਾ ਹੈ।

## 4.5. ਸੰਦੂਕੜੀਆਂ :

ਆਕਾਰ ਪੱਖੋਂ ਛੋਟੇ ਸੰਦੂਕ ਨੂੰ ਸੰਦੂਕੜੀ ਕਿਹਾ ਜਾਂਦਾ ਹੈ ਜਿੰਨ੍ਹਾਂ ਨੂੰ ਬਣਾਉਣ ਲਈ ਮੁੱਖ ਸਮੱਗਰੀ ਦੇ ਰੂਪ ਵਿੱਚ ਲੱਕੜ ਅਤੇ ਧਾਤਾਂ ਨੂੰ ਵਰਤਿਆ ਜਾਂਦਾ ਹੈ। ਸੰਦੂਕੜੀਆਂ ਦੀ ਵਿਸ਼ੇਸ਼ਤਾ ਇਹਨਾਂ ਦੇ ਆਕਾਰ ਕਰਕੇ ਹੈ। ਆਕਾਰ ਪੱਖੋਂ ਛੋਟੀਆਂ ਹੋਣ ਕਰਕੇ ਇਹਨਾਂ ਨੂੰ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ। ਸਧਾਰਨ ਵਸਤਾਂ ਤੋਂ ਲੈ ਕੇ ਕੀਮਤੀ ਵਸਤਾਂ ਤੱਕ ਨੂੰ ਸੰਭਾਲਣ ਲਈ ਸੰਦੂਕੜੀਆਂ ਨੂੰ ਵਰਤਿਆ ਜਾਂਦਾ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਇਹਨਾ ਦੀ ਵਰਤੋਂ ਲਗਾਤਾਰ ਹੋ ਰਹੀ ਹੈ। ਵਰਤੋਂ ਦੇ ਵਿਭਿੰਨ ਪੱਖਾਂ ਕਾਰਨ ਅੱਗੋਂ ਇਸਦੀਆਂ ਕਈ ਵੰਨਗੀਆਂ ਮਿਲਦੀਆਂ ਹਨ।

### 4.5.1. ਸ਼ਿੰਗਾਰ ਸੰਦੂਕੜੀ/ਸ਼ਿੰਗਾਰ ਬਕਸਾ :

ਪੁਰਾਤਨ ਸਮੇਂ ਵਿਚ ਔਰਤਾਂ ਦਾ ਸਾਰਾ ਸਮਾਂ ਰੁਝੇਵਿਆਂ ਨਾਲ ਭਰਪੂਰ ਸੀ। ਘਰੇਲੂ ਕੰਮਾਂ ਦੇ ਨਾਲ-ਨਾਲ ਉਹਨਾਂ ਨੂੰ ਖੇਤੀ ਦੇ ਕਾਰਜਾਂ ਵਿਚ ਵੀ ਮਰਦਾਂ ਨਾਲ ਹੱਥ ਵਟਾਉਣਾ ਪੈਂਦਾ ਸੀ ਪਰ ਖੇਤੀਬਾੜੀ ਵਿਚ ਨਵੀਆਂ ਤਕਨੀਕਾਂ ਦੀ ਵਰਤੋਂ ਨਾਲ ਔਰਤਾਂ ਨੂੰ ਅਜਿਹੇ ਕਾਰਜਾਂ ਤੋਂ ਰਾਹਤ ਮਿਲੀ। ਔਰਤਾਂ ਦੁਆਰਾ ਘਰ ਦੇ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਆਪਣੇ ਰੂਪ ਨੂੰ ਸਵਾਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ ਹਰੇਕ ਔਰਤ ਅੰਦਰ ਰੂਪ ਨੂੰ ਸਵਾਰਨ ਦੀ ਰੁਚੀ ਹੁੰਦੀ ਹੈ। ਔਰਤ ਦੁਆਰਾ ਵਿਆਹ ਤੋਂ ਬਾਅਦ ਕੀਤਾ ਜਾਂਦਾ ਹਾਰ-ਸ਼ਿੰਗਾਰ ਉਸਦੇ ਸੁਹਾਗਣ ਹੋਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਹਾਰ-ਸ਼ਿੰਗਾਰ ਦਾ ਮਨੋਰਥ ਜਿੱਥੇ ਔਰਤ ਦੇ ਰੂਪ ਨੂੰ ਖ਼ੂਬਸੂਰਤ ਤੇ ਆਕਰਸ਼ਕ ਬਣਾਉਣਾ ਹੈ ਉੱਥੇ ਪਤੀ ਨੂੰ ਆਪਣੇ ਵੱਸ ਵਿਚ ਰੱਖਣ ਲਈ ਵੀ ਹਾਰ-ਸ਼ਿੰਗਾਰ ਕੀਤਾ ਜਾਂਦਾ ਹੈ। ਔਰਤਾਂ ਵਿਭਿੰਨ ਪ੍ਰਕਾਰ ਦੀ ਸ਼ਿੰਗਾਰ ਸਮੱਗਰੀ ਦੀ ਵਰਤੋਂ ਆਪਣੇ ਰੂਪ ਨੂੰ ਸੁੰਦਰ ਬਣਾਉਣ ਲਈ ਕਰਦੀਆਂ ਹਨ। ਸ਼ਿੰਗਾਰ ਸਮੱਗਰੀ ਨੂੰ ਸੰਭਾਲਣ ਲਈ ਸੰਦੂਕੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੀਆਂ ਸੰਦੂਕੜੀਆਂ ਸਧਾਰਨ ਤੇ ਸਜਾਵਟੀ ਦਿੱਖ ਵਾਲੀਆਂ ਹੁੰਦੀਆਂ ਹਨ। ਇਹਨਾਂ ਵਿਚ ਸ਼ੀਸ਼ਾ, ਕੰਘੀ, ਕਰੀਮ, ਬਿੰਦੀਆਂ ਆਦਿ ਵਸਤਾਂ ਨੂੰ ਰੱਖਿਆ ਜਾਂਦਾ ਹੈ। ਇਹਨਾਂ ਵਿਚ ਰੱਖੀ ਸ਼ਿੰਗਾਰ

ਸਮੱਗਰੀ ਸੁਰੱਖਿਅਤ ਰਹਿੰਦੀ ਹੈ। ਸ਼ਿੰਗਾਰ ਸੰਦੂਕੜੀ ਵਿਚ ਸ਼ਿੰਗਾਰ ਨਾਲ ਸੰਬੰਧਿਤ ਕੋਈ ਵੀ ਟੁੱਟੀ ਹੋਈ ਵਸਤ ਨਹੀਂ ਰੱਖੀ ਜਾਂਦੀ। ਇਸਨੂੰ ਅਸ਼ੁੱਭ ਮੰਨਿਆ ਜਾਂਦਾ ਹੈ। ਪੰਜਾਬੀ ਸਮਾਜ ਵਿਚ ਵਿਆਹ ਜਿਹੇ ਸ਼ੁੱਭ ਮੌਕੇ 'ਤੇ ਵੀ ਸੰਦੂਕੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਿੰਗਾਰ ਸੰਦੂਕੜੀਆਂ ਦੀ ਵਰਤੋਂ ਦਾ ਅਜਿਹਾ ਪੱਖ ਇਹਨਾਂ ਨੂੰ ਖ਼ਾਸ ਬਣਾਉਂਦਾ ਹੈ। ਰਾਜਿਆਂ-ਮਹਾਰਾਜਿਆਂ ਦੇ ਸਮੇਂ ਦੌਰਾਨ ਵੀ ਅਜਿਹੀਆਂ ਸੰਦੂਕੜੀਆਂ ਵਰਤੋਂ ਅਧੀਨ ਸਨ। ਅਜਿਹੀਆਂ ਸੰਦੂਕੜੀਆਂ ਵਿਸ਼ੇਸ਼ ਤਕਨੀਕਾਂ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ। ਮਹਿਲਾਂ ਦੀਆਂ ਰਾਣੀਆਂ ਦੁਆਰਾ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਪ੍ਰਕਾਰ ਰਾਣੀਆਂ ਤੋਂ ਲੈ ਕੇ ਸਧਾਰਨ ਔਰਤਾਂ ਤੱਕ ਅਜਿਹੀਆਂ ਸੰਦੂਕੜੀਆਂ ਦੀ ਵਰਤੋਂ ਕਰਦੀਆਂ ਰਹੀਆਂ ਸਨ। ਆਧੁਨਿਕ ਸਮੇਂ ਵਿਚ ਅਜਿਹੀਆਂ ਸੰਦੂਕੜੀਆਂ ਵਿਭਿੰਨ ਅਕਾਰਾਂ ਅਤੇ ਡਿਜ਼ਾਇਨਾਂ ਵਿਚ ਮਿਲਦੀਆਂ ਹਨ ਜੋ ਵਿਸ਼ੇਸ਼ ਆਕਰਸ਼ਣ ਦਾ ਮਾਧਿਅਮ ਹਨ।

### 4.5.2. ਗਹਿਣਿਆਂ ਵਾਲੀ ਸੰਦੂਕੜੀ :

ਔਰਤਾਂ ਵਿਚ ਆਪਣੇ-ਆਪ ਨੂੰ ਸੰਵਾਰਨ ਦੀ ਪ੍ਰਵਿਰਤੀ ਸ਼ੁਰੂ ਤੋਂ ਹੀ ਰਹੀ ਹੈ। ਇਸ ਲਈ ਉਹ ਆਪਣੇ-ਆਪ ਨੂੰ ਖ਼ੂਬਸੂਰਤ ਅਤੇ ਆਕਰਸ਼ਕ ਬਣਾਉਣ ਲਈ ਵਿਭਿੰਨ ਪ੍ਰਕਾਰ ਦੀ ਸਮੱਗਰੀ ਦਾ ਪ੍ਰਯੋਗ ਕਰਦੀ ਹੈ ਜਿਸ ਵਿਚ ਗਹਿਣੇ ਵਿਸ਼ੇਸ਼ ਹਨ। ਇਹਨਾਂ ਗਹਿਣਿਆਂ ਦੀ ਵਰਤੋਂ ਉਹਨਾਂ ਦੇ ਸੁਹੱਪਣ ਵਿਚ ਵਾਧਾ ਕਰਦੀ ਹੈ। ਮਰਦਾਂ ਦੁਆਰਾ ਵੀ ਗਹਿਣੇ ਪਹਿਨੇ ਜਾਂਦੇ ਹਨ ਪਰ ਉਹ ਔਰਤਾਂ ਦੁਆਰਾ ਪਹਿਨੇ ਜਾਂਦੇ ਗਹਿਣਿਆਂ ਦੇ ਮੁਕਾਬਲੇ ਘੱਟ ਹਨ। ਇਹਨਾਂ ਗਹਿਣਿਆਂ ਨੂੰ ਬਣਾਉਣ ਲਈ ਸੋਨਾ ਅਤੇ ਚਾਂਦੀ ਵਰਗੀਆਂ ਧਾਤਾਂ ਨੂੰ ਵਿਸ਼ੇਸ਼ ਰੂਪ ਵਿਚ ਵਰਤਿਆ ਜਾਂਦਾ ਹੈ। ਇਹ ਧਾਤਾਂ ਕੀਮਤੀ ਹੋਣ ਕਾਰਨ ਇਹਨਾ ਦੀ ਵਰਤੋਂ ਕਰ ਬਣੇ ਗਹਿਣੇ ਵੀ ਕੀਮਤੀ ਹੁੰਦੇ ਹਨ। ਇਸ ਲਈ ਗਹਿਣੇ ਸੁਹੱਪਣ ਵਿਚ ਵਾਧਾ ਕਰਨ ਵਾਲੀ ਕੀਮਤੀ ਵਸਤ ਹੋਣ ਕਾਰਨ ਇਹਨਾਂ ਨੂੰ ਸੰਭਾਲਣ ਲਈ ਸੰਦੂਕੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲਾਂ ਇਹਨਾਂ ਨੂੰ ਸੰਭਾਲਣ ਲਈ ਕੋਠੜੀਆਂ ਅਤੇ ਸੰਦੂਕਾਂ ਦੀ ਵਰਤੋਂ ਕੀਤੀ ਜਾਂਦੀ ਸੀ। ਬਾਅਦ ਵਿਚ

ਸੰਦੂਕੜੀਆਂ ਦੀ ਵਰਤੋਂ ਇਹਨਾਂ ਨੂੰ ਸੰਭਾਲਣ ਲਈ ਹੋਣ ਲੱਗੀ। ਅਜਿਹੀਆਂ ਸੰਦੂਕੜੀਆਂ ਵਿਸ਼ੇਸ਼ ਰੂਪ ਵਿਚ ਗਹਿਣੇ ਸੰਭਾਲਣ ਲਈ ਵਰਤੀਆਂ ਜਾਂਦੀਆਂ ਹਨ ਜਿਸ ਕਾਰਨ ਇਹਨਾਂ ਨੂੰ ਗਹਿਣਿਆਂ ਵਾਲੀਆਂ ਸੰਦੂਕੜੀਆਂ ਕਿਹਾ ਜਾਂਦਾ ਹੈ। ਔਰਤਾਂ ਅਜਿਹੀ ਸੰਦੂਕੜੀ ਨੂੰ ਤਾਲਾ ਲਗਾ ਕੇ ਕਿਸੇ ਸੁਰੱਖਿਅਤ ਥਾਂ 'ਤੇ ਰੱਖਦੀਆਂ ਹਨ। ਗਹਿਣਿਆਂ ਵਾਲੀਆਂ ਸੰਦੂਕੜੀਆਂ ਸਧਾਰਨ ਅਤੇ ਸਜਾਵਟੀ ਦਿੱਖ ਵਾਲੀਆਂ ਹੁੰਦੀਆਂ ਹਨ। ਇਹਨਾ ਉਪਰ ਵਰਤੀਆਂ ਸਜਾਵਟੀ ਜੁਗਤਾਂ ਇਹਨਾ ਨੂੰ ਵਿਸ਼ੇਸ਼ ਬਣਾਉਂਦੀਆਂ ਹਨ। ਅਜਿਹੀਆਂ ਸੰਦੂਕੜੀਆਂ ਮੁਗ਼ਲ ਸਮੇਂ ਵਿਚ ਵੀ ਵਿਸ਼ੇਸ਼ ਮਹੱਤਵ ਰੱਖਦੀਆਂ ਸਨ ਜਿੰਨ੍ਹਾਂ ਨੂੰ ਵਿਭਿੰਨ ਤਕਨੀਕਾਂ ਨਾਲ ਤਿਆਰ ਕੀਤਾ ਜਾਂਦਾ ਸੀ। ਮਹਿਲਾਂ ਦੀਆਂ ਰਾਣੀਆਂ ਦੁਆਰਾ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਸੀ।

### 4.5.3. ਸੰਦਾਂ ਵਾਲੀ ਸੰਦੂਕੜੀ :

ਕਾਰੀਗਰ ਲਈ ਉਸਦੇ ਕਿੱਤੇ ਨਾਲ ਸੰਬੰਧਿਤ ਸੰਦ ਵਿਸ਼ੇਸ਼ ਮਹੱਤਵ ਰੱਖਦੇ ਹਨ। ਜਿੱਥੇ ਇਹ ਸੰਦ ਵਸਤ ਨਿਰਮਾਣ ਵਿਚ ਸਹਾਇਕ ਹੁੰਦੇ ਹਨ ਉੱਥੇ ਕਾਰੀਗਰ ਦੀ ਆਰਥਿਕਤਾ ਦਾ ਸਾਧਨ ਵੀ ਹੁੰਦੇ ਹਨ ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਹੈ। ਇਸ ਲਈ ਇਹਨਾ ਸੰਦਾਂ ਨੂੰ ਸੰਭਾਲਣ ਲਈ ਸੰਦੂਕੜੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸੰਦੂਕੜੀ ਬਕਸੇ ਦੇ ਆਕਾਰ ਦੀ ਬਣੀ ਹੋਈ ਹੁੰਦੀ ਹੈ ਜੋ ਪਾਵਿਆਂ ਤੋਂ ਰਹਿਤ ਹੁੰਦੀ ਹੈ। ਲੱਕੜ ਦੀਆਂ ਫੱਟੀਆਂ ਤੋਂ ਬਣੀ ਹੋਣ ਕਾਰਨ ਇਸਨੂੰ ਇਕ ਥਾਂ ਤੋਂ ਦੂਸਰੀ ਥਾਂ ਰੱਖਣਾ ਆਸਾਨ ਹੁੰਦਾ ਹੈ। ਇਸ ਵਿਚ ਵਧੇਰੇ ਸੰਦ ਸੰਭਾਲਣ ਦੀ ਸਮਰੱਥਾ ਹੁੰਦੀ ਹੈ। ਇਸ ਵਿਚ ਰੱਖਿਆ ਸੰਦ ਇਕ ਤਾਂ ਗੁਆਚਦਾ ਨਹੀਂ ਅਤੇ ਦੂਸਰਾ ਆਸਾਨੀ ਨਾਲ ਮਿਲ ਜਾਂਦਾ ਹੈ। ਕਾਰੀਗਰ ਜਾਤਾਂ ਤੋਂ ਇਲਾਵਾ ਖੇਤੀਬਾੜੀ ਨਾਲ ਸੰਬੰਧਿਤ ਕਿਰਸਾਨੀ ਘਰਾਂ ਵਿਚ ਵੀ ਇਹਨਾਂ ਸੰਦੂਕੜੀਆਂ ਦੀ ਵਰਤੋਂ ਵਿਭਿੰਨ ਪ੍ਰਕਾਰ ਦੇ ਸੰਦਾਂ ਨੂੰ ਰੱਖਣ ਲਈ ਕੀਤੀ ਜਾਂਦੀ ਹੈ ਜਿਵੇਂ ਪਲਾਸ, ਪੇਚਕੱਸ, ਹਥੌੜਾ ਆਦਿ। ਕਾਰੀਗਰਾਂ ਵੱਲੋਂ ਧਾਰਮਿਕ ਭਾਵਨਾ ਤਹਿਤ ਇਸ ਸੰਦੂਕੜੀ ਦੇ ਅੰਦਰ ਵਿਸ਼ਵਕਰਮਾ ਜਾਂ ਗੁਰੂਆਂ ਦੀਆਂ ਤਸਵੀਰਾਂ ਲਗਾਈਆਂ ਜਾਂਦੀਆਂ ਹਨ। ਇਹਨਾਂ ਨੂੰ

ਬਣਾਉਣ ਲਈ ਮੁੱਖ ਰੂਪ ਵਿਚ ਲੱਕੜ ਦੀ ਵਰਤੋਂ ਕੀਤੀ ਜਾਂਦੀ ਹੈ। ਆਧੁਨਿਕ ਸਮੇਂ ਵਿਚ ਲੋਹੇ ਤੋਂ ਬਣੀਆਂ ਸੰਦੂਕੜੀਆਂ ਵੀ ਸੰਦ ਰੱਖਣ ਲਈ ਵਰਤੀਆਂ ਜਾ ਰਹੀਆਂ ਹਨ। ਸੰਦੂਕੜੀਆਂ ਦੀ ਵਰਤੋਂ ਦਾ ਅਜਿਹਾ ਪੱਖ ਹੀ ਇਹਨਾਂ ਦੇ ਮਨੁੱਖੀ ਜੀਵਨ ਵਿਚ ਮਹੱਤਵ ਨੂੰ ਦਰਸਾਉਂਦਾ ਹੈ।

### 4.5.4. ਗੱਲਾ :

ਗੱਲਾ ਸੰਦੂਕ ਦਾ ਸਭ ਤੋਂ ਛੋਟਾ ਰੂਪ ਹੈ ਜਿਸ ਵਿਚ ਪੈਸੇ, ਕੀਮਤੀ ਕਾਗਜ਼ ਪੱਤਰ ਆਦਿ ਰੱਖੇ ਜਾਂਦੇ ਹਨ। ਇਸਦਾ ਆਕਾਰ ਚੌਰਸ ਬਕਸੇ ਦੀ ਤਰ੍ਹਾਂ ਹੁੰਦਾ ਹੈ ਜਿਸ ਵਿਚ ਕੇਵਲ ਕੁਝ-ਕੁ ਵਸਤਾਂ ਹੀ ਰੱਖੀਆਂ ਜਾ ਸਕਦੀਆਂ ਹਨ। ਆਕਾਰ ਪੱਖੋਂ ਛੋਟਾ ਹੋਣ ਕਾਰਨ ਵਧੇਰੇ ਵਸਤਾਂ ਰੱਖਣ ਦੀ ਸਮਰੱਥਾ ਗੱਲੇ ਵਿਚ ਨਹੀਂ ਹੁੰਦੀ। ਆਧੁਨਿਕ ਸਮੇਂ ਵਿਚ ਮਿੱਟੀ ਤੋਂ ਬਣੇ ਵਿਭਿੰਨ ਡਿਜ਼ਾਇਨਾਂ ਦੇ ਗੱਲਿਆਂ ਦੀ ਵਰਤੋਂ ਬੱਚਿਆਂ ਦੁਆਰਾ ਕੀਤੀ ਜਾ ਰਹੀ ਹੈ ਜਿਸ ਵਿਚ ਉਹ ਆਪਣੇ ਪੈਸਿਆਂ ਨੂੰ ਜਮ੍ਹਾਂ ਕਰਦੇ ਹਨ। ਅਜਿਹੇ ਗੱਲੇ ਵਿਸ਼ੇਸ਼ ਰੂਪ ਵਿਚ ਲੱਕੜ ਅਤੇ ਧਾਤ ਤੋਂ ਤਿਆਰ ਕੀਤੇ ਜਾਂਦੇ ਹਨ। ਇਸਦਾ ਇਕ ਹੋਰ ਛੋਟਾ ਰੂਪ ਗੱਲੀ ਦੇ ਰੂਪ ਵਿਚ ਮਿਲਦਾ ਹੈ ਜਿਸ ਵਿਚ ਚਾਬੀਆਂ, ਪੈਸਿਆਂ ਆਦਿ ਨੂੰ ਰੱਖਿਆ ਜਾਂਦਾ ਹੈ। ਗੱਲੇ ਤੋਂ ਵੱਡ ਆਕਾਰੀ ਰੂਪ ਦਾਨ ਬਕਸੇ ਦੇ ਰੂਪ ਵਿਚ ਮਿਲਦਾ ਹੈ ਜਿਸ ਦੀ ਵਰਤੋਂ ਦਾਨ ਮੰਗਣ ਲਈ ਕੀਤੀ ਜਾਂਦੀ ਹੈ। ਗੱਲੇ ਦੀ ਵਰਤੋਂ ਆਧੁਨਿਕ ਸਮੇਂ ਵਿਚ ਘੱਟ ਰਹੀ ਹੈ ਕਿਉਂਕਿ ਇਸਦੀ ਥਾਂ ਅਲਮਾਰੀਆਂ ਵਿਚ ਬਣੇ ਸੇਫ਼ ਨੇ ਲੈ ਲਈ ਹੈ ਜੋ ਗੱਲੇ ਦੀ ਤਰ੍ਹਾਂ ਕੀਮਤੀ ਸਮਾਨ ਨੂੰ ਸੰਭਾਲਣ ਦਾ ਕਾਰਜ ਕਰਦਾ ਹੈ।

ਇਸੇ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬ ਵਿਚ ਸੰਦੂਕਾਂ ਦੀਆਂ ਅਨੇਕ ਸ਼ੈਲੀਆਂ/ਵੰਨਗੀਆਂ ਮਿਲਦੀਆਂ ਹਨ ਜੋ ਪੰਜਾਬੀ ਜਨ-ਜੀਵਨ ਨਾਲ ਪਈ ਇਸਦੀ ਸਾਂਝ ਨੂੰ ਪ੍ਰਗਟਾਉਂਦੀਆਂ ਹਨ। ਇਸਦੇ ਨਾਲ ਹੀ ਸੰਦੂਕ ਬਣਾਉਣ ਨਾਲ ਸੰਬੰਧਿਤ ਕਾਰੀਗਰਾਂ ਦੀ ਸਿਰਜਨਾਤਮਕ ਪ੍ਰਤਿਭਾ ਅਤੇ ਮੁਹਾਰਤ ਨੂੰ ਵੀ ਰੂਪਮਾਨ ਕਰਦੀਆਂ ਹਨ। ਕਾਰੀਗਰਾਂ

ਦੁਆਰਾ ਪੀੜ੍ਹੀਆਂ ਦੇ ਅਨੁਭਵ, ਗਿਆਨ ਅਤੇ ਹੁਨਰ ਨਾਲ ਲੱਕੜ ਤੋਂ ਸੰਦੂਕ ਦਾ ਨਿਰਮਾਣ ਕੀਤਾ ਜਾਂਦਾ ਹੈ। ਸੰਦੂਕ ਉੱਪਰ ਕੋਕਿਆਂ, ਸ਼ੀਸ਼ਿਆਂ, ਪਿੱਤਲ ਦੀਆਂ ਪੱਤਰੀਆਂ ਦੀ ਸਮੁੱਚੀ ਜੜ੍ਹਤਕਾਰੀ ਇਸਨੂੰ ਸਧਾਰਨ ਨਾਲੋਂ ਵਿਸ਼ੇਸ਼ ਕਲਾਤਮਕ ਵਸਤ ਬਣਾਉਂਦੀ ਹੈ। ਵਸਤ ਵਿਚਲੀ ਅਜਿਹੀ ਕਲਾਤਮਕਤਾ ਮਨੁੱਖੀ ਸੁਹਜ ਨੂੰ ਤ੍ਰਿਪਤ ਕਰਦੀ ਹੈ। ਸੰਦੂਕ ਇਕ ਉਪਯੋਗੀ ਵਸਤ ਹੋਣ ਦੇ ਨਾਲ-ਨਾਲ ਮਨੁੱਖੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਦੀ ਪੇਸ਼ਕਾਰੀ ਵੀ ਕਰਦਾ ਹੈ। ਸੰਦੂਕ ਨਾਲ ਜੁੜੀ ਅਜਿਹੀ ਭਾਵਨਾਤਮਕ ਸਾਂਝ ਇਸਨੂੰ ਮਨੁੱਖੀ ਜੀਵਨ ਵਿਚੋਂ ਮਨਫ਼ੀ ਨਹੀਂ ਹੋਣ ਦਿੰਦੀ ਸਗੋਂ ਇਸਦੀ ਹੋਂਦ ਨੂੰ ਸਦੀਵੀ ਬਣਾਉਂਦੀ ਹੈ। ਆਧੁਨਿਕ ਸਮੇਂ ਵਿਚ ਸੰਦੂਕ ਦੇ ਬਦਲ ਬੇਸ਼ੱਕ ਸਾਡੇ ਕੋਲ ਵਿਭਿੰਨ ਸਾਧਨਾਂ ਦੇ ਰੂਪ ਵਿਚ ਮੌਜੂਦ ਹਨ ਜੋ ਦਿੱਖ ਪੱਖੋਂ ਖ਼ੂਬਸੂਰਤ ਤੇ ਆਕਰਸ਼ਕ ਹਨ ਪਰ ਇਹਨਾਂ ਵਿਚ ਹੱਥੀਂ ਬਣਾਏ ਸੰਦੂਕ ਜਿਹੀ ਕਲਾਤਮਕਤਾ ਅਤੇ ਸੁਹਜ ਦੀ ਘਾਟ ਹੈ। ਅਜਿਹੀਆਂ ਵਸਤਾਂ ਨੂੰ ਬਣਾਉਣ ਵਾਲੀਆਂ ਮਸ਼ੀਨਾਂ ਕਰਤਾ ਹੋਣ ਦੇ ਅਹਿਸਾਸ ਨੂੰ ਨਹੀਂ ਮਹਿਸੂਸ ਕਰ ਸਕਦੀਆਂ ਅਤੇ ਨਾ ਹੀ ਇਹਨਾਂ ਨਾਲ ਮਨੁੱਖ ਦੀਆਂ ਨਿੱਜੀ ਭਾਵਨਾਵਾਂ ਜੁੜ ਸਕਦੀਆਂ ਹਨ। ਆਧੁਨਿਕ ਸਮੇਂ ਦੇ ਘਰਾਂ ਵਿਚ ਸੰਦੂਕਾਂ ਦੀਆਂ ਅਨੇਕ ਵੰਨਗੀਆਂ ਪਰਿਵਰਤਿਤ ਰੂਪ ਵਿਚ ਵਰਤੀਆਂ ਜਾ ਰਹੀਆਂ ਹਨ ਜੋ ਬਹੁ-ਮੰਤਵੀ ਕਾਰਜਾਂ ਦੀ ਪੂਰਤੀ ਕਰਦੀਆਂ ਹਨ। ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੰਦੂਕ ਦਾ ਮਨੁੱਖੀ ਜੀਵਨ ਵਿਚ ਕਲਾਤਮਕ ਵਸਤ ਵਜੋਂ ਵਿਸ਼ੇਸ਼ ਮਹੱਤਵ ਹੈ।

\- - - - -

## ਹਵਾਲੇ ਅਤੇ ਟਿੱਪਣੀਆਂ

1. ਸੁਖਦੇਵ ਸਿੰਘ ਝੰਡ, **ਸਾਡੇ ਰੁੱਖ**, ਪੰਨਾ 105.
2. ਲਖਵਿੰਦਰ ਸਿੰਘ 'ਰਈਆ ਹਵੇਲੀਆਣਾ', **ਮੈਨੂੰ ਨਵਾ ਸਵੇਰਾ ਕੀ ਜਾਣੇ** ?, ਪੰਨਾ 172.
3. **ਸਾਡੇ ਰੁੱਖ**, ਪੰਨਾ 106.
4. ਖੇਤਰੀ ਕਾਰਜ ਦੌਰਾਨ **ਸਤਵਿੰਦਰ ਸਿੰਘ** (ਸੰਦੂਕ ਬਣਾਉਣ ਨਾਲ ਸੰਬੰਧਿਤ ਕਾਰੀਗਰ), ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
5. **ਸਾਡੇ ਰੁੱਖ**, ਪੰਨਾ 82.
6. ਖੇਤਰੀ ਕਾਰਜ ਦੌਰਾਨ **ਜਰਨੈਲ ਸਿੰਘ** (ਪੱਟੀ ਵਾਲੇ), ਪੱਟੀ ਪਾਸੋਂ ਪ੍ਰਾਪਤ ਜਾਣਕਾਰੀ।
7. **ਸਾਡੇ ਰੁੱਖ**, ਪੰਨੇ 97–98.
8. ਖੇਤਰੀ ਕਾਰਜ ਦੌਰਾਨ **ਹਰਜੀਤ ਸਿੰਘ** (ਲੱਕੜ ਕਲਾ ਨਾਲ ਸੰਬੰਧਿਤ ਕਾਰੀਗਰ), ਪਿੰਡ ਖੁਵਾਸਪੁਰ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
9. **ਸਾਡੇ ਰੁੱਖ**, ਪੰਨਾ 52.
10. ਖੇਤਰੀ ਕਾਰਜ ਦੌਰਾਨ **ਨਿਰੰਜਨ ਸਿੰਘ** (ਤਰਖਾਣ), ਕਰਤਾਰਪੁਰ ਪਾਸੋਂ ਪ੍ਰਾਪਤ ਜਾਣਕਾਰੀ।
11. ਖੇਤਰੀ ਕਾਰਜ ਦੌਰਾਨ **ਹਰਜੀਤ ਸਿੰਘ** (ਠੇਕੇਦਾਰ), ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
12. **ਸਾਡੇ ਰੁੱਖ**, ਪੰਨਾ 54.
13. Susan Stronge, **The Arts of Sikh Kingdoms**, p. 88.
14. ਖੇਤਰੀ ਕਾਰਜ ਦੌਰਾਨ **ਸਤਵਿੰਦਰ ਸਿੰਘ** (ਤਰਖਾਣ), ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।

15. ਖੇਤਰੀ ਕਾਰਜ ਦੌਰਾਨ **ਹਰਬੰਸ ਕੌਰ** ਪਤਨੀ ਸੁਖਚੈਨ ਸਿੰਘ, ਪਿੰਡ ਖ਼ੁਵਾਸਪੁਰ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
16. ਖੇਤਰੀ ਕਾਰਜ ਦੌਰਾਨ **ਗੁਰਨਾਮ ਸਿੰਘ** (ਲੱਕੜ ਨਾਲ ਸੰਬੰਧਿਤ ਕਾਰੀਗਰ), ਸ੍ਰੀ ਮੁਕਤਸਰ ਸਾਹਿਬ ਪਾਸੋਂ ਪ੍ਰਾਪਤ ਜਾਣਕਾਰੀ।
17. ਖੇਤਰੀ ਕਾਰਜ ਦੌਰਾਨ **ਜਸਵੰਤ ਸਿੰਘ** (ਤਰਖਾਣ), ਪੱਟੀ ਪਾਸੋਂ ਪ੍ਰਾਪਤ ਜਾਣਕਾਰੀ।
18. ਖੇਤਰੀ ਕਾਰਜ ਦੌਰਾਨ **ਸੁਖਵਿੰਦਰ ਸਿੰਘ** ਪੁੱਤਰ ਨਿਰਮਲ ਸਿੰਘ, ਪਿੰਡ ਗੋਇੰਦਵਾਲ, ਜ਼ਿਲ੍ਹਾ ਤਰਨ-ਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
19. ਜਸਵੰਤ ਸਿੰਘ ਨੇਕੀ, **ਅਚੇਤਨ ਦੀ ਲੀਲ੍ਹਾ**, ਪੰਨਾ 131.
20. ਚੰਨਣ ਸਿਘ ਚੰਨ, **ਪੰਜਾਬੀ ਲੋਕ ਕਲਾ : ਫੁਲਕਾਰੀ**, ਪੰਨਾ 34.
21. ਡਾ. ਹਰਜੀਤ ਕੌਰ, **ਪੰਜਾਬੀ ਲੋਕਧਾਰਾ ਵਿਹਾਰਕ ਅਧਿਐਨ**, ਪੰਨਾ 71.
22. ਖੇਤਰੀ ਕਾਰਜ ਦੌਰਾਨ **ਬਲਵਿੰਦਰ ਕੌਰ** ਪਤਨੀ ਸ੍ਰ. ਸੁਖਦੇਵ ਸਿੰਘ, ਪਿੰਡ ਫਤਿਹਾਬਾਦ ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
23. ਖੇਤਰੀ ਕਾਰਜ ਦੌਰਾਨ **ਜਸਵੰਤ ਸਿੰਘ**, ਪੱਟੀ ਪਾਸੋਂ ਪ੍ਰਾਪਤ ਜਾਣਕਾਰੀ।
24. ਮਨਜੀਤ ਸਿੰਘ, **ਪਿੰਡ, ਵਿਉਂਤ ਅਤੇ ਸਭਿਆਚਾਰ**, ਪੰਨਾ 63.
25. ਖੇਤਰੀ ਕਾਰਜ ਦੌਰਾਨ **ਰਾਮ ਸਿੰਘ** (ਲੱਕੜ ਕਲਾ ਨਾਲ ਸੰਬੰਧਿਤ ਕਾਰੀਗਰ), ਜ਼ਿਲ੍ਹਾ ਹੁਸ਼ਿਆਰਪੁਰ ਪਾਸੋਂ ਪ੍ਰਾਪਤ ਜਾਣਕਾਰੀ।
26. ਖੇਤਰੀ ਕਾਰਜ ਦੌਰਾਨ **ਮੁਖਤਾਰ ਸਿੰਘ** (ਨਕਾਸ਼ੀ ਨਾਲ ਸੰਬੰਧਿਤ ਕਾਰੀਗਰ), ਜਲੰਧਰ ਪਾਸੋਂ ਪ੍ਰਾਪਤ ਜਾਣਕਾਰੀ।
27. ਡਾ. ਹਰਜੀਤ ਕੌਰ, **ਪੰਜਾਬੀ ਲੋਕਧਾਰਾ ਵਿਹਾਰਕ ਅਧਿਐਨ**, ਪੰਨਾ 72.
28. ਖੇਤਰੀ ਕਾਰਜ ਦੌਰਾਨ ਸ੍ਰੀਮਤੀ **ਕਮਲਾ ਕੁਮਾਰੀ** ਪਤਨੀ ਸ੍ਰ. ਰਮੇਸ਼ ਕੁਮਾਰ, ਗੁਰਦਾਸਪੁਰ ਪਾਸੋਂ ਪ੍ਰਾਪਤ ਜਾਣਕਾਰੀ।

29. ਖੇਤਰੀ ਕਾਰਜ ਦੌਰਾਨ **ਸਤਵਿੰਦਰ ਸਿੰਘ** (ਤਰਖਾਣ), ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।

30. **ਉਹੀ**।

– – – – –